ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2539 | 29 July, 2026 Wednesday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ਼ ਦੁਨੀਆਂ | +1 (209) 303-1260

# ਭਾਰਤ ਅਤੇ ਚੀਨ ਤਿੰਨ ਨਿਰਧਾਰਤ ਬਿੰਦੂਆਂ ਰਾਹੀਂ ਸਰਹੱਦੀ ਵਪਾਰ ਮੁੜ ਸ਼ੁਰੂ ਕਰਨ ਨੂੰ ਅੱਗੇ ਵਧਾ ਰਹੇ ਹਨ: ਵਿਦੇਸ਼ ਮੰਤਰਾਲਾ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਵਿਦੇਸ਼ ਮੰਤਰਾਲੇ ਨੇ ਮੰਗਲਵਾਰ ਨੂੰ ਕਿਹਾ ਕਿ ਨਵੀਂ ਦਿੱਲੀ ਅਤੇ ਬੀਜਿੰਗ ਲਿਪੁਲੇਖ, ਸ਼ਿਪਕੀ ਲਾ ਅਤੇ ਨਾਥੂ ਲਾ ਦੱਰੇ ਦੇ ਨਿਰਧਾਰਤ ਵਪਾਰਕ ਬਿੰਦੂਆਂ ਰਾਹੀਂ ਸਰਹੱਦੀ ਵਪਾਰ ਨੂੰ ਮੁੜ ਸ਼ੁਰੂ ਕਰਨ ਬਾਰੇ ਆਪਣੀ ਪਹਿਲਾਂ ਦੀ ਸਹਿਮਤੀ ਨਾਲ ਅੱਗੇ ਵਧ ਰਹੇ ਹਨ।ਨਵੀਂ ਦਿੱਲੀ ਵਿੱਚ ਦੋ-ਹਫ਼ਤਾਵਾਰੀ ਮੀਡੀਆ ਬ੍ਰੀਫਿੰਗ ਨੂੰ ਸੰਬੋਧਨ ਕਰਦੇ ਹੋਏ, ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਇਹ ਫੈਸਲਾ 19 ਅਗਸਤ, 2025 ਦਾ ਹੈ ਅਤੇ ਭਾਰਤ ਅਤੇ ਚੀਨ ਦੋਵੇਂ ਹੁਣ ਇਸ ਸਮਝ ਨੂੰ ਅੱਗੇ ਵਧਾ ਰਹੇ ਹਨ।ਜੈਸਵਾਲ ਨੇ ਕਿਹਾ "ਮੈਂ ਤੁਹਾਡਾ ਧਿਆਨ ਉਸ ਪ੍ਰੈਸ ਰਿਲੀਜ਼ ਵੱਲ ਖਿੱਚਣਾ ਚਾਹੁੰਦਾ ਹਾਂ ਜੋ 19 ਅਗਸਤ, 2025 ਨੂੰ ਜਾਰੀ ਕੀਤੀ ਗਈ ਸੀ, ਜੇ ਮੈਂ ਗਲਤ ਨਹੀਂ ਹਾਂ। ਉਸ ਪ੍ਰੈਸ ਰਿਲੀਜ਼ ਵਿੱਚ, ਤੁਸੀਂ ਦੇਖਿਆ ਹੋਵੇਗਾ ਕਿ ਦੋਵੇਂ ਧਿਰਾਂ ਇਸ ਗੱਲ 'ਤੇ ਸਹਿਮਤ ਹੋਈਆਂ ਸਨ ਕਿ ਤਿੰਨ ਨਿਰਧਾਰਤ ਵਪਾਰਕ ਬਿੰਦੂਆਂ, ਜਿਵੇਂ ਕਿ ਲਿਪੁਲੇਖ, ਸ਼ਿਪਕੀ ਲਾ ਅਤੇ ਨਾਥੂ ਲਾ ਪਾਸ ਰਾਹੀਂ ਸਰਹੱਦੀ ਵਪਾਰ ਮੁੜ ਸ਼ੁਰੂ ਕੀਤਾ ਜਾਵੇਗਾ। ਇਸ ਲਈ, ਤੁਸੀਂ ਜਾਣਦੇ ਹੋ, ਇਹ ਇੱਕ ਫੈਸਲਾ ਹੈ ਜੋ ਉਸ ਸਮੇਂ ਲਿਆ ਗਿਆ ਸੀ, ਅਤੇ ਅਸੀਂ ਤੁਹਾਨੂੰ ਸੂਚਿਤ ਕੀਤਾ ਸੀ ਕਿ ਇਹ ਚਰਚਾਵਾਂ ਕਦੋਂ ਹੋਈਆਂ ਸਨ। ਅਤੇ ਹੁਣ ਉਨ੍ਹਾਂ ਚੀਜ਼ਾਂ ਨੂੰ ਅੱਗੇ ਵਧਾਇਆ ਜਾ ਰਿਹਾ ਹੈ।ਵਿਦੇਸ਼ ਮੰਤਰਾਲੇ ਦੇ ਅਨੁਸਾਰ, ਵਿਦੇਸ਼ ਮੰਤਰੀ ਜੈਸ਼ੰਕਰ ਅਤੇ ਉਨ੍ਹਾਂ ਦੇ ਚੀਨੀ ਹਮਰੁਤਬਾ ਵਾਂਗ ਯੀ ਵਿਚਕਾਰ ਹੋਈ ਮੀਟਿੰਗ ਦੌਰਾਨ, ਦੋਵੇਂ ਦੇਸ਼ ਤਿੰਨ ਨਿਰਧਾਰਤ ਵਪਾਰਕ ਬਿੰਦੂਆਂ, ਜਿਨ੍ਹਾਂ ਵਿੱਚ ਲਿਪੁਲੇਖ ਦੱਰਾ, ਸ਼ਿਪਕੀ ਲਾ ਦੱਰਾ ਅਤੇ ਨਾਥੂ ਲਾ ਦੱਰਾ ਸ਼ਾਮਲ ਹਨ, ਰਾਹੀਂ ਸਰਹੱਦੀ ਵਪਾਰ ਨੂੰ ਮੁੜ ਖੋਲ੍ਹਣ 'ਤੇ ਸਹਿਮਤ ਹੋਏ।ਇਸ ਤੋਂ ਬਾਅਦ ਦੋਵਾਂ ਧਿਰਾਂ ਵਿਚਕਾਰ ਉੱਚ-ਪੱਧਰੀ ਕੂਟਨੀਤਕ ਗੱਲਬਾਤ ਜਾਰੀ ਰਹੀ।ਸੋਮਵਾਰ ਨੂੰ, ਵਿਦੇਸ਼ ਸਕੱਤਰ ਵਿਕਰਮ ਮਿਸਰੀ, ਜੋ ਇਸ ਸਮੇਂ ਬੀਜਿੰਗ ਦੇ ਦੌਰੇ 'ਤੇ ਹਨ, ਨੇ ਚੀਨ ਦੇ ਉਪ ਵਿਦੇਸ਼ ਮੰਤਰੀ ਹੁਆ ਚੁਨਯਿੰਗ ਨਾਲ ਮੁਲਾਕਾਤ ਕੀਤੀ ਅਤੇ ਭਾਰਤ-ਚੀਨ ਸਰਹੱਦੀ ਖੇਤਰਾਂ ਵਿੱਚ ਸ਼ਾਂਤੀ ਅਤੇ ਸ਼ਾਂਤੀ ਬਣਾਈ ਰੱਖਣ ਦੀ ਮਹੱਤਤਾ ਨੂੰ ਸਵੀਕਾਰ ਕੀਤਾ।"ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਚੀਨ ਦੇ ਵਿਦੇਸ਼ ਮਾਮਲਿਆਂ ਦੇ ਉਪ ਮੰਤਰੀ, ਮਹਾਮਹਿਮ ਹੁਆ ਚੁਨਯਿੰਗ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਦੁਵੱਲੇ ਸਬੰਧਾਂ ਦੇ ਸਾਰੇ ਪਹਿਲੂਆਂ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਦੋਵਾਂ ਨੇਤਾਵਾਂ ਦੇ ਦ੍ਰਿਸ਼ਟੀਕੋਣ ਨੂੰ ਅੱਗੇ ਵਧਾਉਣ ਦੇ ਤਰੀਕਿਆਂ 'ਤੇ ਚਰਚਾ ਕੀਤੀ ਕਿ ਭਾਰਤ ਅਤੇ ਚੀਨ ਇੱਕ ਦੂਜੇ ਲਈ ਭਾਈਵਾਲ ਹਨ ਅਤੇ ਵਿਕਾਸ ਦੇ ਮੌਕੇ ਹਨ, ਜਿਸ ਵਿੱਚ ਵਪਾਰ ਅਤੇ ਆਰਥਿਕ ਸਬੰਧਾਂ, ਸੱਭਿਆਚਾਰ ਅਤੇ ਲੋਕਾਂ ਤੋਂ ਲੋਕਾਂ ਦੇ ਆਦਾਨ-ਪ੍ਰਦਾਨ ਵਿੱਚ ਆਪਸੀ ਲਾਭਦਾਇਕ ਨਤੀਜਿਆਂ ਰਾਹੀਂ ਸ਼ਾਮਲ ਹੈ। ਦੋਵਾਂ ਧਿਰਾਂ ਨੇ ਭਾਰਤ-ਚੀਨ ਸਰਹੱਦੀ ਖੇਤਰਾਂ ਵਿੱਚ ਸ਼ਾਂਤੀ ਅਤੇ ਸ਼ਾਂਤੀ ਬਣਾਈ ਰੱਖਣ ਦੀ ਮਹੱਤਤਾ ਨੂੰ ਸਵੀਕਾਰ ਕੀਤਾ," ਚੀਨ ਵਿੱਚ ਭਾਰਤ ਦੇ ਦੂਤਾਵਾਸ ਨੇ ਐਕਸ ਤੇ ਕਿਹਾ।ਪਿਛਲੇ ਹਫ਼ਤੇ, ਵਿਦੇਸ਼ ਮੰਤਰੀ ਜੈਸ਼ੰਕਰ ਨੇ ਆਸੀਆਨ ਮੀਟਿੰਗਾਂ ਦੇ ਮੌਕੇ 'ਤੇ ਮਨੀਲਾ ਵਿੱਚ ਵਾਂਗ ਯੀ ਨਾਲ ਮੁਲਾਕਾਤ ਕੀਤੀ, ਜਿਸ ਵਿੱਚ ਦੁਵੱਲੇ ਸਬੰਧਾਂ, ਸਰਹੱਦੀ ਸਥਿਰਤਾ ਅਤੇ ਮੁੱਖ ਖੇਤਰੀ ਅਤੇ ਵਿਸ਼ਵਵਿਆਪੀ ਵਿਕਾਸ 'ਤੇ ਚਰਚਾ ਕੀਤੀ ਗਈ।ਆਪਣੇ ਚੀਨੀ ਹਮਰੁਤਬਾ ਨਾਲ ਮੁਲਾਕਾਤ ਦੌਰਾਨ ਆਪਣੇ ਉਦਘਾਟਨੀ ਭਾਸ਼ਣ ਵਿੱਚ, ਵਿਦੇਸ਼ ਮੰਤਰੀ ਜੈਸ਼ੰਕਰ ਨੇ ਸਰਹੱਦੀ ਖੇਤਰਾਂ ਵਿੱਚ ਸ਼ਾਂਤੀ ਅਤੇ ਸ਼ਾਂਤੀ ਨੂੰ ਭਾਰਤ ਅਤੇ ਚੀਨ ਵਿਚਕਾਰ ਆਮ ਸਬੰਧਾਂ ਲਈ "ਪੂਰਵ ਸ਼ਰਤ" ਕਿਹਾ।"ਸਰਹੱਦੀ ਖੇਤਰਾਂ ਵਿੱਚ ਸ਼ਾਂਤੀ ਅਤੇ ਸ਼ਾਂਤੀ ਸਪੱਸ਼ਟ ਤੌਰ 'ਤੇ ਆਮ ਸਬੰਧਾਂ ਲਈ ਜ਼ਰੂਰੀ ਹੈ। ਅਕਤੂਬਰ 2024 ਤੋਂ, ਦੋਵੇਂ ਧਿਰਾਂ ਇਸ ਮਹੱਤਵਪੂਰਨ ਉਦੇਸ਼ ਨੂੰ ਯਕੀਨੀ ਬਣਾਉਣ ਲਈ ਜੁੜੀਆਂ ਹੋਈਆਂ ਹਨ। ਇਸ 'ਤੇ ਸਾਡੇ ਨਿਰੰਤਰ ਧਿਆਨ ਦੀ ਲੋੜ ਰਹੇਗੀ। ਇਸ ਖੇਤਰ ਵਿੱਚ ਸੰਬੰਧਿਤ ਵਿਧੀਆਂ ਨੂੰ ਪੂਰਾ ਸਮਰਥਨ ਅਤੇ ਮਜ਼ਬੂਤ ਉਤਸ਼ਾਹ ਦਿੱਤਾ ਜਾਣਾ ਚਾਹੀਦਾ ਹੈ।ਜੂਨ ਵਿੱਚ, ਵਾਂਗ ਯੀ ਨੇ ਨਵੀਂ ਦਿੱਲੀ ਵਿੱਚ ਬ੍ਰਿਕਸ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰਾਂ ਅਤੇ ਰਾਸ਼ਟਰੀ ਸੁਰੱਖਿਆ 'ਤੇ ਉੱਚ ਪ੍ਰਤੀਨਿਧੀਆਂ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਵਾਲੇ ਹੋਰ ਡੈਲੀਗੇਟਾਂ ਦੇ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ।



Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ®
Contact : Cell (209) 550-1704
220 - A Standiford Ave, Modesto, CA 95350, kkaur@mycvre.com

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

Space available for Ad
Contact # +1 (209) 303-1260
Contact # +91 81463-20009

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com | www.thepalfilms.com

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS



**Jaswant S.Pannu**
Office: 209-900-1994
Cell: 408-340-0157
jaswantpannu@yahoo.com



**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS
Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



Apply online at www.lendingassets.com and check out the live lowest rates on our website





# NAV INDIAN MERCHANDISE GROCERY STORE

3230 MITCHELL ROAD, STE, C, CERES, CA 95307







ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।

ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ

ਇੱਕ ਵਾਰ Visit ਜ਼ਰੂਰ ਕਰੋ।

Ria MONEY TRANSFER

INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ







Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER

2601 Oakdale Road, Suite H2-167 Modesto, CA 95355 USA
Cell: (209) 303-1260
Email: info@sanjhisoch.com

Visit at: www.sanjhisoch.com

# ਦੇਸ਼ ਦੇ ਪੜ੍ਹੇ ਲਿਖੇ ਨੌਜਆਨਾਂ ਵਲੋਂ 'ਕਾਕਰੋਚ ਜੰਨਤਾ ਪਾਰਟੀ' ਦੀ ਅਗਵਾਈ ਵਿੱਚ ਲੰਮਾ ਸੰਘਰਸ਼ ਲੜ੍ਹ ਕੇ ਅਤੇ ਆਪਣੀਆਂ ਸਾਰੀਆਂ ਮੰਗਾਂ ਮੰਨਵਾ ਕੇ ਮੋਦੀ ਸਰਕਾਰ ਨੂੰ ਕੀਤਾ ਚਿੱਤ!!




ਨਵ ਸਥਾਪਤ ਹੋਈ ਕਾਕਰੋਚ ਜੰਨਤਾ ਪਾਰਟੀ ਨੇ 'ਨੀਟ' ਦੀ ਪ੍ਰੀਖਿਆ ਦੇ ਪੇਪਰ ਲੀਕ ਹੋ ਜਾਣ ਦੇ ਸਬੰਧ ਵਿੱਚ ਉਤਪੰਨ ਹੋਈਆਂ ਸਥਿਤੀਆਂ ਨੂੰ ਧਿਆਨ ਵਿੱਚ ਰੱਖ ਕੇ ਦਿੱਲੀ ਦੇ 'ਜੰਤਰ ਮੰਤਰ' ਵਿਖੇ ਸਿੱਖਰਾਂ ਦੀ ਗਰਮੀ ਵਿੱਚ ਸੰਘਰਸ਼ ਕਰਕੇ ਹੀ ਨਹੀਂ ਬਲਕਿ ਉਸ ਵਿੱਚੋਂ ਜਿੱਤ ਪ੍ਰਾਪਤ ਕਰਨ ਦੇ ਨਾਲ ਕੇਂਦਰ ਦੀ ਸਰਕਾਰ ਕੋਲੋਂ ਸਾਰੀਆਂ ਮੰਗਾਂ ਮੰਨਵਾ ਕੇ ਕਿਸਾਨਾਂ ਦੇ ਸੰਘਰਸ਼ ਤੋਂ ਬਾਅਦ ਦੂਸਰੀ ਵਾਰ ਦੇਸ਼ ਦੇ ਅਖੜ੍ਹ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਚਿੱਤ ਕਰਕੇ ਦੇਸ਼ ਦੇ ਇਤਿਹਾਸ ਵਿੱਚ ਇਕ ਹੋਰ ਨਵਾਂ ਇਤਿਹਾਸ ਸਿਰਜਿਆ ਹੈ ।ਇਹ ਸੰਘਰਸ਼ ਵੀ ਕਿਸਾਨਾਂ ਦੇ ਸੰਘਰਸ਼ ਤੋਂ ਬਾਅਦ ਇਕ ਅੱਡਰੀ ਕਿਸਮ ਦਾ ਸੀ ਕਿਉਂ ਕਿ ਦੇਸ਼ ਦੀ ਮੋਦੀ ਸਰਕਾਰ ਨੇ ਕਿਸਾਨਾਂ ਦੇ ਸੰਘਰਸ਼ ਨੂੰ ਵੱਖਵਾਦੀਆਂ ਖਾਲਸਿਤਾਨੀਆਂ , ਪਾਕਿਸਤਾਨੀਆਂ ਆਦਿ ਪਤਾ ਨਹੀਂ ਕਿਹੜੇ ਕਿਹੜੇ ਹੋਰ ਨਾਵਾਂ ਦਾ ਖਿਤਾਬ ਦਿੱਤਾ ਗਿਆ ਸੀ ਪਰ ਅੰਤ ਵਿੱਚ ਦੇਸ਼ ਦੀ ਭਾਜਪਾ ਅਤੇ ਰ.ਸ.ਸ. ਦੀ ਸਰਕਾਰ ਨੂੰ ਉਸ ਵੇਲੇ ਵੀ ਤਿੰਨੇ ਦੇ ਤਿੰਨੇ ਕਿਸਾਨ ਵਿਰੋਧੀ ਬਿੱਲਾਂ ਨੂੰ ਬਿਨਾ ਸ਼ਰਤ ਵਾਪਿਸ ਲੈ ਕੇ ਨਮੋਸ਼ੀਜਨਕ ਹਾਰ ਦਾ ਮੂੰਹ ਵੇਖਣਾ ਪਿਆ ਸੀ। ਸਰਕਾਰ ਨੇ ਦੇਸ਼ ਦੇ ਪੜ੍ਹੇ ਲਿਖੇ ਨੌਜੁਆਨਾਂ ਵਲੋਂ ਸ਼ੁਰੂ ਕੀਤੇ ਇਸ ਸੰਘਰਸ਼ ਨੂੰ ਵੀ ਕਿਸਾਨਾਂ ਦੇ ਸੰਘਰਸ਼ ਵਾਂਗ ਕੁਚੱਲਣ ਦੇ ਸਾਰੇ ਹਰਬੇ ਖਰਬੇ ਵਰਤੇ ਗਏ। ਇਹ ਹਕੀਕਤ ਹੈ ਕਿ ਸੱਚ ਦੀ ਹਮੇਸ਼ਾਂ ਹੀ ਜਿੱਤ ਹੁੰਦੀ ਹੈ ਅੰਤ ਮੋਦੀ ਸਰਕਾਰ ਨੂੰ ਨੌਜੁਆਨਾਂ ਦੀਆਂ ਸਾਰੀਆਂ ਮੰਗਾਂ ਮੰਨਣ ਲਈ ਮਜਬੂਰ ਹੋਣਾ ਪਿਆ ।ਆਖਰ ਮਸੱਲਾ ਕੀ ਸੀ ? ਕੇਂਦਰ ਦੀ ਸਰਕਾਰ ਦੇ ਅਫਸਰਾਂ ਵਲੋਂ ਮਿਲੀ ਭੁਗਤ ਨਾਲ 'ਨੀਟ' ਦਾ ਪੇਪਰ ਲੀਕ ਕੀਤਾ ਗਿਆ ਤਾਂ ਕਿ ਲਾਇਕ ਬੱਚਿਆਂ ਦੀ ਥਾਂ ਤੇ ਰਾਜਨੀਤਕ ਆਪਣੇ ਤੇ ਆਪਣੀ ਅਫਸਰਸ਼ਾਹੀ ਦੇ ਨਾ ਯੋਗਤਾ ਰੱਖਣ ਵਾਲੇ ਬੱਚਿਆਂ ਨੂੰ ਪ੍ਰੀਖਿਆ ਵਿੱਚੋਂ ਪਾਸ ਕਰਵਾ ਕੇ ਸਰਕਾਰੀ ਉਚ ਨੌਕਰੀਆਂ ਵਿੱਚ ਭਰਤੀ ਕਰਾਇਆ ਜਾ ਸਕੇ ।ਜਿਸ ਦੇ ਨਤੀਜੇ ਵਜੋਂ ਇਸ ਪ੍ਰੀਖਿਆ ਵਿੱਚ ਬੈਠਣ ਵਾਲੇ ਹੁਸ਼ਿਆਰ ਵਿਦਿਆਰਥੀ ਨਿਰਾਸ਼ਾ ਦੇ ਆਲਮ ਵਿੱਚ ਆ ਜਾਣ ਕਰਕੇ ਦੋ ਦਰਜਨ ਦੇ ਲਗ ਭਗ ਹੋਣਹਾਰ ਵਿਦਿਆਰਥੀਆਂ ਨੂੰ ਖੁਦਕਸ਼ੀਆਂ ਕਰਕੇ ਅਜਾਈਂ ਆਪਣੀਆਂ ਜਾਨਾਂ ਗੁਆਉਣੀਆਂ ਪਈਆਂ ਸਨ।20 ਜੂਨ 2026 ਨੂੰ ਕਾਕਰੋਚ ਜੰਨਤਾ ਪਾਰਟੀ ਦੇ ਆਗੂ ਸ੍ਰੀ ਅਭਿਸ਼ੇਕ ਦੀਪਕੇ ਦੀ ਅਗਵਾਈ ਵਿੱਚ ਸੰਘਰਸ਼ ਸ਼ੁਰੂ ਕਰਨਾ ਪਿਆ ।ਉਹ ਮੰਗ ਕਰ ਰਹੇ ਸਨ ਕਿ ਦੇਸ਼ ਦੇ ਸਿਖਿਆ ਮੰਤਰੀ ਸ੍ਰੀ ਧਰਮਿੰਦਰ ਪ੍ਰਧਾਨ ਅਸਤੀਫਾ ਦੇਵੇ ,ਇਸ ਪੇਪਰ ਦੇ ਲੀਕ ਕਰਨ ਦੇ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ ਤਾਂ ਕਿ ਭਵਿੱਖ ਵਿੱਚ ਕੋਈ ਵੀ ਪੇਪਰ ਲੀਕ ਕਰਨ ਦੀ ਜੁਅਰਤ ਨਾ ਕਰ ਸਕੇ , ਜਾਨਾਂ ਗਵਾਉਣ ਵਾਲੇ ਸਾਰੇ ਵਿਦਿਆਰਥੀਆਂ ਦੇ ਪ੍ਰੀਵਾਰਾਂ ਨੂੰ ਇਕ ਇਕ ਕਰੋੜ ਰੁਪਏ ਦਾ ਮੁਆਵਜਾ ਦਿੱਤਾ ਜਾਵੇ ।ਪੜ੍ਹੇ ਲਿੱਖੇ ਨੌਜੁਆਨਾਂ ਦੀ ਇਨਾਂ ਮੰਗਾਂ ਨੂੰ ਹੱਕੀ ਜਾਣਦਿਆਂ ਹੋਇਆਂ ਲਦਾਖ ਦੇ ਸਮਾਜ ਸੇਵੀ ਆਗੂ ਸ੍ਰੀ ਸੋਨਮ ਵਾਂਗਚੁੱਕ ਨੇ ਦਿੱਲੀ ਦੇ 'ਜੰਤਰ ਮੰਤਰ' ਵਿੱਖੇ ਇਨਾਂ ਮੰਗਾਂ ਦੇ ਸਮਰਥਨ ਵਿੱਚ ਆਪਣੀ ਭੁੱਖ ਹੜਤਾਲ ਅਰੰਭ ਕਰ ਦਿੱਤੀ। ਸਰਕਾਰ ਨੇ ਇਸ ਸੰਘਰਸ਼ ਨੂੰ ਵੀ ਕਿਸਾਨਾਂ ਦੇ ਅੰਦੋਲਨ ਵਾਂਗ ਖਤਮ ਕਰਨ ਦਾ ਹਰ ਕੋਹਝੇ ਤੋਂ ਕੋਹਝਾ ਯਤਨ ਕੀਤਾ ਪਰ ਆਖਰ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਸਰਕਾਰ ਨੂੰ ਹਾਰ ਦਾ ਮੂੰਹ ਵੇਖਣਾ ਪਿਆ ।ਸਰਕਾਰ ਨੇ ਨੌਜੁਆਨਾਂ ਤੇ ਹਰ ਪ੍ਰਕਾਰ ਦਾ ਪੁਲਸੀ ਤਸ਼ਦੱਦ ਕੀਤਾ ਤਾਂ ਕਿ ਉਹ ਨਿਰਾਸ਼ ਹੋ ਕੇ ਵਾਪਸ ਪਰਤ ਜਾਣ ।ਕਿਹੜਾ ਕਿਹੜਾ ਜੁਲਮ ਉਨਾਂ ਤੇ ਨਹੀਂ ਢਾਹਿਆ ਗਿਆ ਇਥੋਂ ਤਕ ਬੇਸ਼ਰਮ ਪੁਲੀਸ ਨੇ ਆਪਣੀਆ ਧੀਆਂ ਵਰਗੀਆਂ ਲੜਕੀਆਂ ਨਾਲ ਉਹ ਕੁਝ ਕੀਤਾ ਗਿਆ ਜਿਸ ਨੂੰ ਲਿਖਣ ਲਗਿਆਂ ਵੀ ਸ਼ਰਮ ਮਹਿਸੂਸ ਹੋ ਰਹੀ ਹੈ। ਸਭ ਤੋਂ ਮਹੱਤਵ ਪੂਰਨ ਇਸ ਸੰਘਰਸ਼ ਦੀ ਇਹ ਗੱਲ ਵੀ ਸੀ ਕਿ ਸਿਖਰਾਂ ਦੀ ਗਰਮੀ ਕਾਰਨ ਜਦੋਂ ਕਿ ਸੰਘਰਸ਼ ਕਰ ਰਹੇ ਹਰੇਕ ਨੌਜੁਆਨ ਦੇ ਚਿਹਰੇ ਵਿੱਚੋਂ ਲੱਪ ਲੱਪ ਪਸੀਨਾ ਵੱਗ ਰਿਹਾ ਸੀ ਪਰ ਉਹ ਆਪਣੇ ਹੱਥਾਂ ਵਿੱਚ ਪੱਖੀਆਂ ਫੜ੍ਹੀ ਝੱਲਦੇ ਹੋਏ ਬੜੇ ਸਿਦਕ ਤੇ ਦ੍ਰਿੜ੍ਹ ਇਰਾਦੇ ਨਾਲ ਆਪਣੇ ਸੰਘਰਸ਼ ਨੂੰ ਅੱਗੇ ਲਿਜਾ ਰਹੇ ਸਨ। ਸਭ ਤੋਂ ਦੁੱਖਦਾਈ ਗੱਲ ਇਸ ਸੰਘਰਸ਼ ਦੀ ਇਹ ਸੀ ਕਿ ਇਕ ਬੀਤੀ ਰਾਤ ਜਦੋਂ ਦੇਸ਼ ਦੇ ਸੰਘਰਸ਼ ਕਰ ਰਹੇ ਵਿਦਿਆਰਥੀਆਂ ਤੇ ਦੇਸ਼ ਦੀ ਪੁਲੀਸ ਤੇ ਹੋਰ ਅਰਧ ਸੈਨਿਕ ਬੱਲਾਂ ਵਲੋਂ ਕੀਤੇ ਲਾਠੀਚਾਰਜ ਦੌਰਾਨ ਉਹ ਵੱਡੀ ਗਿਣਤੀ ਵਿੱਚ ਬੁਰੀ ਤਰਾਂ ਹੱਡੀਆਂ ਬਾਹਾਂ ਤੁੜਵਾ ਕੇ ਜਖਮੀ ਹੋਏ ਇਹ ਦੇਸ਼ ਦਾ ਭਵਿੱਖ ਨੌਜੁਆਨ ਵਰਗ ਇਧਰ ਉਧਰ ਮਾਰੇ ਮਾਰੇ ਭੁੱਖੇ ਤਿਹਾਏ ਫਿਰ ਰਹੇ ਸਨ ਤਾਂ ਉਸ ਸਮੇਂ ਉਨਾਂ ਨੇ ਨਜਦੀਕ ਦੇ ਧਾਰਮਿਕ ਅਸਥਾਨਾਂ ਜਿਨਾਂ ਵਿੱਚ ਇਕ ਮੰਦਰ ਤੇ ਗੁਰਦੁਆਰੇ ਦਾ ਜਿਕਰ ਕੀਤਾ ਗਿਆ ਹੈ ।ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਇਸ ਸੰਘਰਸ਼ ਵਿੱਚ 90% ਹਿੰਦੂ ਧਰਮ ਨਾਲ ਸਬੰਧਤ ਨੌਜੁਆਨ ਲੜਕੇ ਲੜਕੀਆਂ ਬੁਰੀ ਤਰ੍ਹਾਂ ਜਖਮੀ ਹੋਣ ਦੇ ਬਾਵਜੂਦ ਮੰਦਰ ਵਾਲਿਆਂ ਨੇ ਉਨਾਂ ਨੂੰ ਠਾਹਰ ਦੇਣ ਦੀ ਬਜਾਏ ਆਪਣੇ ਮੰਦਰ ਦੇ ਦਰਵਾਜੇ ਬੰਦ ਕਰ ਦਿੱਤੇ ਜਦੋਂ ਕਿ ਦਸਿਆ ਜਾ ਰਿਹਾ ਹੈ ਕੁਝ ਜਖਮੀ ਜਿਨਾਂ ਵਿੱਚ ਲੜਕੀਆਂ ਵੀ ਸ਼ਾਮਲ ਸਨ ਮੰਦਰ ਦੇ ਬਾਹਰ ਚੀਕਦੇ ਕੁਰਲਾਉਂਦੇ ਰਹੇ। ਉਨਾਂ ਦੀ ਬਾਂਹ ਤਕ ਨਹੀਂ ਫੜ੍ਹੀ ਗਏ। ਜਦੋਂ ਕਿ ਹਜਾਰਾਂ ਹੀ ਨੌਜੁਆਨਾਂ ਨੂੰ ਗੁਰਦੁਆਰਾ ਬੰਗਲਾ ਸਾਹਿਬ , ਗੁਰਦੁਆਰਾ ਸੀਸ ਗੰਜ , ਗੁਰਦੁਆਰਾ ਰਕਾਬ ਗੰਜ ਦੇ ਇਲਾਵਾ ਮੁਸਲਮਾਨਾਂ ਨੇ ਕਈ ਮਸਜਿਦਾਂ ਦੇ ਦਰਵਾਜੇ ਖੋਲ ਕੇ ਉਨਾਂ ਵਿੱਚ ਹਜਾਰਾਂ ਬੱਚਿਆਂ ਨੂੰ ਪਨਾਹ ਹੀ ਨਹੀਂ ਦਿੱਤੀ ਗਈ ਬਲਕਿ ਪੁਲੀਸ ਤੋਂ ਉਨਾਂ ਦੀ ਰੱਖਿਆ ਕਰਨ ਦੇ ਨਾਲ ਉਨਾਂ ਦੀ ਮਲਮ ਪੱਟੀ ਕਰਾਈ ਗਈ , ਖਾਣ ਲਈ ਭੋਜਨ ਦਿੱਤਾ ਗਿਆ ਤੇ ਰਹਿਣ ਲਈ ਉਚਿਤ ਪ੍ਰਬੰਧ ਵੀ ਕੀਤਾ ਗਿਆ। ਸਿਰਫ ਇਨ੍ਹਾ ਹੀ ਨਹੀਂ ਬਲਕਿ ਸੰਘਰਸ਼ ਵਾਲੀਆਂ ਥਾਂਵਾਂ ਤੇ ਵੀ ਭਿੰਨ ਭਿੰਨ ਪ੍ਰਕਾਰ ਦੇ ਖਾਣ ਪੀਣ ਦੇ ਲੰਗਰ ਚਲਾ ਦਿੱਤੇ ।ਇਹ ਹੀ ਨਹੀਂ ਬਲਕਿ ਇਨਾ ਭੁੱਖੇ ਤਿਹਾਏ ਨੌਜੁਆਨਾਂ ਲਈ ਦੇਸ਼ ਭਰ ਦੇ ਸੂਝਵਾਨ ਲੋਕਾਂ ਨੇ ਜੁਮਾਟੋ , ਸਵਿੱਗੀ ਆਦਿ ਤੋਂ ਵੀ ਧੜਾ ਧੜ ਖਾਣੇ ਭੇਜਣੇ ਸ਼ੁਰੂ ਕਰ ਦਿੱਤੇ ਤਾਂ ਕਿ ਸੰਘਰਸ਼ ਕਰ ਰਿਹਾ ਕੋਈ ਵੀ ਨੌਜੁਆਨ ਭੁੱਖਾ ਤੇ ਤਿਹਾਇਆ ਨਾ ਰਹੇ। ਦੇਸ਼ ਦੀ ਪ੍ਰੈਸ ਨੇ ਇਹ ਵੀ ਸੁਣ ਲਿਆ ਹੋਵੇਗਾ ਕਿ ਜਦੋਂ ਕਿ ਦੇਸ਼ ਭਰ ਦੇ ਵਿਦਿਆਰਥੀ ਸਿੱਖ ਗੁਰਦੁਆਰਿਆਂ ਵਲੋਂ ਕੀਤੀ ਹਰੇਕ ਪ੍ਰਕਾਰ ਦੀ ਮਦੱਦ ਦਾ ਟੀ ਵੀ ਚੈਨਲਾਂ ਤੇ ਜਿਥੇ ਪ੍ਰਸੰਸਾ ਕਰ ਰਹੇ ਸਨ ਉਥੇ ਇਹ ਵੀ ਕਹਿ ਰਹੇ ਸਨ ਕਿ ਬੀਤੇ ਸਮੇਂ ਵਿੱਚ ਜੋ ਕੁਝ ਦੇਸ਼ ਦੀ ਭਾਜਪਾ ਤੇ ਰ.ਸ.ਸ. ਦੀ ਮੋਦੀ ਸਰਕਾਰ ਉਹੀ ਪੰਜਾਬ ਤੇ ਵਿਸ਼ੇਸ਼ ਕਰਕੇ ਸਿੱਖਾਂ,ਮੁਸਲਮਾਨਾਂ ਬਾਰੇ ਗਲਤ ਪ੍ਰਚਾਰ ਕਰਦੇ ਰਹੇ ਸਨ ।ਉਸ ਨੂੰ ਵੀ ਸਰਾਸਰ ਗਲਤ ਦਸਿਆ ਜਾ ਰਿਹਾ ਸੀ ।ਟੀ ਵੀ ਚੈਨਲ ਨਿਸ਼ੰਗ ਦਸ ਰਹੇ ਸਨ ਅਸਲ ਵਿੱਚ ਉਹ ਤਾਂ ਸਾਡੇ ਹਰ ਪੱਖੋਂ ਹਮਦਰਦ ਰਹੇ ਹਨ। ਸਘੰਰਸ਼ ਕਰ ਰਹੀਆਂ ਲੜਕੀਆਂ ਨਿਹੰਗ ਸਿੰਘਾਂ ਦੀ ਪ੍ਰਸੰਸਾ ਕਰਦੀਆਂ ਹੋਈਆਂ ਕਹਿ ਰਹੀਆਂ ਸਨ ਕਿ ਇਨਾਂ ਨਿਹੰਗਾਂ ਨੇ ਤਾਂ ਉਨਾਂ ਨੂੰ ਪੁਲੀਸ ਦੇ ਜੁਲਮ ਤੋਂ ਵੀ ਬਚਾਇਆ ਹੈ। ਮੋਦੀ ਸਰਕਾਰ ਵਲੋਂ ਬੀਤੇ ਸਮੇਂ ਪੰਜਾਬ ਅਤੇ ਵਿਸ਼ੇਸ਼ ਕਰਕੇ ਸਿੱਖਾਂ ਸਬੰਧੀ ਕੀਤੇ ਪਰਚਾਰ ਦਾ ਵੀ ਹੀਜ ਪਿਆਜ ਬੁਰੀ ਤਰਾਂ ਨੰਗਾ ਹੋਇਆ ਹੈ। ਇਸ ਸੰਘਰਸ਼ ਨੇ ਦੇਸ਼ ਦੇ ਲੋਕਾਂ ਅੱਗੇ ਪੰਜਾਬ ਤੇ ਪੰਜਾਬ ਦੇ ਲੋਕਾਂ ਦੇ ਨਾਲ ਮੁਸਲਮਾਨਾਂ ਪ੍ਰਤੀ ਇਕ ਤਰਾਂ ਦੀ ਸੋਚ ਨੂੰ ਵੀ ਬਦਲ ਕੇ ਰੱਖ ਦਿੱਤਾ ਹੈ। ਅੱਜ ਦੇਸ਼ ਦੇ ਹਰੇਕ ਸੂਬੇ ਦਾ ਵਿਦਿਆਰਥੀ ਸਿੱਖਾਂ ਤੇ ਮੁਸਲਮਾਨਾਂ ਪ੍ਰਤੀ ਆਪਣੇ ਪਿਆਰ ਤੇ ਨਿੱਘ ਦਾ ਸੁਨੇਹਾ ਲੈ ਕੇ ਗਿਆ ਹੈ ਜਿਸ ਨਾਲ ਦੇਸ਼ ਦੀ ਏਕਤਾ ਮਜਬੂਤ ਹੋਈ ਹੈ। ਜਿੱਤ ਦੇ ਡੰਕੇ ਵਜਾ ਕੇ ਵਾਪਿਸ ਜਾ ਰਹੇ ਨੌਜੁਆਨ ਗਜ ਵਜਾ ਕੇ ਕਹਿ ਰਹੇ ਹਨ ਕਿ ਜੋ ਕੁਝ ਭਾਜਪਾ ਨੇ ਬੀਤੇ ਸਮੇਂ ਵਿੱਚ ਸਿੱਖਾਂ ਅਤੇ ਮੁਸਲਮਾਨਾਂ ਬਾਰੇ ਪ੍ਰਚਾਰ ਕਰਦੀ ਆ ਰਹੀ ਸੀ ਉਹ ਸਾਰੇ ਦਾ ਸਾਰਾ ਝੂਠ ਦਾ ਪੁਲੰਦਾ ਕਹਿ ਕੇ ਭਾਜਪਾ ਸਰਕਾਰ ਨੂੰ ਭੰਡ ਰਹੇ ਸਨ ।ਘਰਾਂ ਨੂੰ ਵਾਪਿਸ ਪਰਤ ਰਹੇ ਨੌਜੁਆਨ ਇਹ ਵੀ ਕਹਿ ਰਹੇ ਸਨ ਕਿ ਅਸਲ ਲੜਾਈ ਹਾਲੇ ਲੜਣ ਵਾਲੀ ਬਾਕੀ ਰਹਿੰਦੀ ਹੈ ਕਿਉਂ ਕਿ ਭਾਜਪਾ ਦੇਸ਼ ਵਿੱਚ ਮੰਨੂਵਾਦੀ ਸਿਧਾਂਤ ਨੂੰ ਲਾਗੂ ਕਰਕੇ ਦੇਸ਼ ਵਿਚਲੇ ਭਿੰਨ ਭਿੰਨ ਧਰਮਾਂ ਦੇ ਸ਼ਾਨਦਾਰ ਖੁਸ਼ਬੋਈ ਵੰਡਦੇ ਗੁਲਦਸਤੇ ਦਾ ਭੋਗ ਪਾ ਕੇ 'ਵਨ ਨੇਸ਼ਨ , ਵਨ ਇਲੈਕਸ਼ਨ ਅਤੇ ਵ ਨ ਕਾਨਸਟੀਚੂਸ਼ਨ'ਸਥਾਪਿਤ ਕਰਨਾ ਚਾਹੁੰਦੀ ਹੈ ।ਇਸੇ ਗੰਦੀ ਸੋਚ ਨਾਲ ਉਸ ਨੇ ਦੇਸ਼ ਦੇ ਸਾਰੇ ਵਿਦਿਅੱਕ ਅਦਾਰਿਆਂ ਕੀ ਸਿਖਿਆ ਬੋਰਡਾਂ ਤੇ ਕੀ ਯੂਨੀਵਰਸਿਟੀਆਂ ਵਿੱਚ ਧੜਾ ਧੜ ਰ.ਸ.ਸ. ਦੇ ਕੱਟੜ੍ਹ ਹਿੰਦੂਆਂ ਨੂੰ ਭਰਤੀ ਕਰ ਰਹੀ ਹੈ ਤਾਂ ਕਿ ਦੇਸ਼ ਦੀ ਵਿਦਿਆ ਨੀਤੀ ਵਿੱਚ ਫਿਰਕੂ ਤਬਦੀਲੀ ਲਿਆਂਦੀ ਜਾ ਸਕੇ। ਸੂਝਵਾਨ ਨੌਜੁਆਨ ਇਹ ਵੀ ਕਹਿੰਦੇ ਵੀ ਸੁਣੇ ਗਏ ਕਿ ਜੇਕਰ ਅਸੀ ਦੇਸ਼ ਨੂੰ ਬਚਾਉਣਾ ਹੈ ਤਾਂ ਸਾਨੂੰ ਦੇਸ਼ ਦੀ ਭਾਜਪਾ ਸਰਕਾਰ ਜਿਸ ਦੀ ਵਾਗਡੋਰ ਰ.ਸ.ਸ. ਦੇ ਹੱਥ ਹੈ ਜਿਨਾਂ ਚਿਰ ਦੇਸ਼ ਵਿੱਚੋਂ ਇਸ ਸਰਕਾਰ ਨੂੰ ਚਲਦਾ ਨਹੀਂ ਕੀਤਾ ਜਾਂਦਾ ਦੇਸ਼ ਨਾ ਤਾਂ ਤਰੱਕੀਆਂ ਵੱਲ ਜਾ ਸਕਦਾ ਹੈ ਤੇ ਨਾ ਹੀ ਬੁਲੰਦੀਆਂ ਨੂੰ ਛੋਹ ਸਕਦਾ ਹੈ ।ਦੇਸ਼ ਦੇ ਬਹੁਤ ਹੀ ਵੱਡੀ ਗਿਣਤੀ ਵਿੱਚ ਨੌਜੁਆਨ ਹਿੰਦੂਆਂ ਜਿਨਾਂ ਨੇ ਸਾਰਾ ਜੋਰ ਲਗਾ ਕੇ 2014 ਵਿੱਚ ਮੋਦੀ ਦੀ ਸਰਕਾਰ ਨੂੰ ਹੋਂਦ ਵਿੱਚ ਲਿਆਂਦਾਂ ਸੀ ਉਹ ਪੂਰੀ ਤਰ੍ਹਾਂ ਜਾਗ੍ਰਿਤ ਹੋ ਗਿਆ ਹੈ। ਉਸ ਨੂੰ ਸਮਝ ਲਗ ਗਈ ਹੈ ਕਿ ਨੌਜੁਆਨਾਂ ਨੂੰ ਹਰ ਸਾਲ ਦੋ ਕਰੋੜ੍ਹ ਨੌਕਰੀਆਂ ਦੇਣ , ਮਹਿੰਗਾਈ ਹਟਾਉਣ , ਭ੍ਰਿਸ਼ਟਾਚਾਰ ਖਤਮ ਕਰਨ ਦੇ ਨਾਂ ਤੇ ਬਣੀ 'ਮੋਦੀ ਸਰਕਾਰ' ਦੇਸ਼ ਦੇ ਲੋਕਾਂ ਨੂੰ ਮੂਰਖ ਬਣਾ ਰਹੀ ਸੀ ।ਇਹ ਤਾਂ ਉਸ ਸਰਕਾਰ ਦੇ ਚੁਣਾਵੀ ਜੁੱਮਲੇ ਸਨ ਜਿਸ ਨੂੰ ਬੀਤੇ ਦਿਨੀ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਹਰੇਕ ਪਰਿਵਾਰ ਦੇ ਖਾਤੇ ਵਿੱਚ 15,15 ਲੱਖ ਰੁਪਏ ਪਾਉਣਾ ਤਾਂ ਸਰਕਾਰ ਦਾ 'ਇਕ ਚੁਣਾਵੀ ਜੁੱਮਲਾ ਸੀ' ਆਖ ਕੇ ਮੰਨ ਵੀ ਚੁੱਕੇ ਹਨ। ਦੇਸ਼ ਦੇ ਲੋਕ ਵਿਸ਼ੇਸ਼ ਕਰਕੇ ਨੌਜੁਆਨ ਪੂਰੀ ਤਰਾਂ ਸਮਝ ਗਏ ਹਨ ਕਿ ਭਾਜਪਾ ਸਰਕਾਰ ਆਮ ਲੋਕਾਂ ਦੀ ਸਰਕਾਰ ਨਹੀਂ ਬਲਕਿ ਅੰਬਾਨੀਆਂ ਅਡਾਨੀਆਂ ਗਿਣਤੀ ਦੇ ਕਾਰਪੋਰੇਟਾਂ ਦੇ ਹੱਥਾਂ ਵਿੱਚ ਖੇਡਣ ਵਾਲੀ ਸਰਕਾਰ ਹੈ ।ਇਸ ਦਾ ਆਮ ਲੋਕਾਂ ਨਾਲ ਕੋਈ ਲੈਣਾ ਦੇਣਾ ਨਹੀਂ। ਦੇਸ਼ ਦੇ ਮੌਜੂਦਾ ਹਾਲਤਾਂ ਤੋਂ ਸਾਫ ਸਪਸ਼ਟ ਝਲਕਣ ਲਗ ਪਿਆ ਹੈ ਕਿ ਨੇੜਲੇ ਭਵਿੱਖ ਵਿੱਚ ਨੌਜੁਆਨਾਂ ਦੀ ਇਕ ਹੋਰ ਜਬਰਦਸਤ ਲਹਿਰ ਉਠੱਣ ਵਾਲੀ ਹੈ ਜੋ ਭਾਜਪਾ ਤੇ ਰ.ਸ.ਸ. ਦੀ ਮੋਦੀ ਸਰਕਾਰ ਨੂੰ ਲੈ ਡੁੱਬੇਗੀ। ਦੇਸ਼ ਦੇ ਨੌਜੁਆਨੋਂ ਜਾਗੋ। ਜਾਗੋ ॥ ਤੁਹਾਡਾ ਧਰਮ ਮਜਬ ਭਾਵੇਂ ਕੋਈ ਕੁਝ ਵੀ ਹੋਵੇ ।ਡੁੱਬ ਰਹੇ ਦੇਸ਼ ਨੂੰ ਬਚਾ ਲਵੋ। ਦੇਸ਼ ਦੇ ਲੋਕ ਤੁਹਾਡੇ ਵੱਲ ਅੱਖਾਂ ਅੱਡ ਅੱਡ ਕੇ ਵੇਖ ਰਹੇ ਹਨ ਕਿਉਂ ਕਿ ਤਬਦੀਲੀ ਦੇ ਸੂਚਕ ਹਮੇਸ਼ਾ ਨੌਜੁਆਨੋਂ ਤੁਸੀਂ ਹੀ ਹੁੰਦੇ ਰਹੇ ਹੋ ।

**Information in Public Interest**

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148





ਕਈ ਵੀਰਾਂ ਦੇ

**LICENSE CANCEL**

ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

## ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ


**Green Card ਨਹੀਂ ਹੈ | I-485 Application ਅਜੇ Pending ਹੈ।**

# Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ ਲਈ Legal Guidance



Deportation ਜਾਂ Immigration Detention Cases ਵਿੱਚ Legal Advice



Appeals ਅਤੇ Immigration Process ਵਿੱਚ ਸਹਾਇਤਾ



Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GLG
GHUMAN LAW GROUP

**GHUMAN LAW GROUP INC.**
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

**ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)**

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner

# ਜੀ.ਐਚ.ਜੀ ਅਕੈਡਮੀ ਵੱਲੋਂ ਕਰਵਾਏ 16ਵੇਂ ਸਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲੇ ਨੇ ਛੱਡੀਆਂ ਅਮਿੱਟ ਪੈੜਾਂ

ਫਰਿਜ਼ਨੋ
ਕੁਲਵੰਤ ਧਾਲੀਆਂ,ਨੀਟਾ ਮਾਛੀਕੇ

ਜੀ.ਐਚ.ਜੀ. ਡਾਂਸ ਅਤੇ ਸੰਗੀਤ ਅਕੈਡਮੀ ਫਰਿਜ਼ਨੋ ਵੱਲੋਂ 16ਵਾਂ ਸਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲਾ ਫਰਿਜ਼ਨੋ ਦੇ ਹਾਈ ਸਕੂਲ ਵਿੱਚ ਅਕੈਡਮੀਂ ਦੇ ਫਾਊਡਰ ਸਵ. ਡਾ. ਦਲਜਿੰਦਰ ਸਿੰਘ ਜੌਹਲ ਦੀ ਨਿੱਘੀ ਯਾਦ ਨੂੰ ਸਮਰਪਿਤ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਡਾ. ਜੌਹਲ ਨੂੰ ਸ਼ਰਧਾਂਜਲੀ ਅਰਪਣ ਕਰਦਿਆਂ ਇੱਕ ਮਿੰਟ ਦਾ ਮੌਨ ਧਾਰਨ ਕਰਕੇ ਕੀਤੀ ਗਈ। ਜਿਸ ਉਪਰੰਤ ਪ੍ਰਬੰਧਕਾਂ ਵੱਲੋਂ ਦੱਸਿਆ ਗਿਆ ਕਿ ਇਸ ਸਾਲ ਤੋਂ ਚੈਂਪੀਅਨਸ਼ਿਪ ਟਰਾਫੀ ਵੀ ਉਹਨਾਂ ਦੇ ਨਾਮ ਤੇ ਸ਼ੁਰੂਆਤ ਵੀ ਕੀਤੀ ਗਈ ਅਤੇ ਜੋ ਹਰ ਸਾਲ ਉਹਨਾਂ ਦੇ ਨਾਮ ਹੇਠ ਹੀ ਹੋਵੇਗੀ।

ਇਸ ਉਪਰੰਤ ਚੱਲਿਆ ਪੰਜਾਬੀ ਸੱਭਿਆਚਾਰ ਦਾ ਮਹਾਂ-ਕੁੰਭ, ਜਿਸ ਵਿੱਚ ਗਿੱਧੇ ਅਤੇ ਭੰਗੜੇ ਦੀਆਂ ਪੇਸ਼ਕਾਰੀਆਂ ਕਰਦੇ ਹੋਏ ਐਚ. ਜੀ. ਅਕੈਡਮੀਂ ਦੇ ਵੱਲੋਂ ਤਿਆਰ ਟੀਮਾਂ ਦੇ ਬੱਚਿਆਂ ਦੀਆਂ ਟੀਮਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਇਸ ਸਮੇਂ ਅਕੈਡਮੀ ਦੇ ਕੈਂਪ ਦੌਰਾਨ ਪ੍ਰਬੰਧਕਾਂ ਦੱਸਣ ਅਨੁਸਾਰ ਸਿਖਲਾਈ ਪ੍ਰਾਪਤ 600 ਤੋਂ ਵਧੀਕ ਬੱਚਿਆਂ ਦੀਆਂ ਟੀਮਾਂ ਨੇ ਸਟੇਜ਼ ਤੋਂ ਆਪਣੀ ਕਲਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜਿੰਨਾਂ ਵਿੱਚ ਸਥਾਨਕ ਕੈਂਪ ਦੀਆਂ ਸਿਖਲਾਈ ਪ੍ਰਾਪਤ ਟੀਮਾਂ ਤੋਂ ਇਲਾਵਾ 10 ਅੰਤਰਰਾਸ਼ਟਰੀ ਪੱਧਰ ਦੀਆਂ ਟੀਮਾਂ ਸਾਮਲ ਸਨ। ਸਮੂੰਹ ਪੇਸ਼ਕਾਰੀ ਕਰਨ ਵਾਲੇ ਬੱਚਿਆਂ ਨੂੰ ਅਕੈਡਮੀ ਵੱਲੋਂ ਸਨਮਾਨਿਤ ਵੀ ਕੀਤਾ ਗਿਆ।

ਇਸ ਸਮੇਂ ਅੰਤਰਰਾਸ਼ਟਰੀ ਯੁਵਕ ਮੇਲੇ ਦੇ ਚੱਲੇ ਭੰਗੜੇ ਦੇ ਮੁਕਾਬਲੇ ਦੇ ਮਹਾਂ ਯੁੱਧ ਵਿੱਚ ਅਮਰੀਕਾ ਅਤੇ ਕਨੇਡਾਂ ਦੇ ਵੱਖ-ਵੱਖ ਸ਼ਹਿਰਾਂ ਦੀਆਂ ਟੀਮਾਂ ਨੇ ਪੂਰੇ ਜੋਸ਼ ਅਤੇ ਚੜਦੀਕਲਾ ਨਾਲ ਭੰਗੜੇ ਦੇ ਮੁਕਾਬਲੇ ਕਰਦੇ ਹੋਏ ਖੂਬ ਕਲਾ ਦਾ ਪ੍ਰਦਰਸ਼ਨ ਅਤੇ ਹਾਜ਼ਰੀਨ ਦਾ ਮਨੋਰੰਜਨ ਕੀਤਾ। ਜਿਨ੍ਹਾਂ ਵਿੱਚ "ਅਣਖੀਲੇ ਪੰਜਾਬ ਦੇ" (ਟਰੰਟੋ, ਕਨੇਡਾ ਨੇ ਪਹਿਲਾਂ ਸਥਾਨ ਪ੍ਰਾਪਤ ਕਰਦੇ ਹੋਏ ਜੇਤੂ ਟਰਾਫੀ ਆਪਣੇ ਨਾਂ ਕੀਤੀ। ਜਦ ਕਿ ਦੂਜਾ ਸਥਾਨ "ਪੁੱਤ ਸਰਦਾਰਾਂ ਦੇ" ਬੇ-ਏਰੀਆ, ਕੈਲੇਫੋਰਨੀਆਂ ਅਤੇ ਤੀਜਾ ਸਥਾਨ "ਸ਼ੌਕ ਜਵਾਨੀ ਦਾ" ਮਿਸੀਗਨ ਵਾਲਿਆਂ ਨੇ ਪ੍ਰਾਪਤ ਕੀਤਾ।



ਇਹ ਅੰਤਰ-ਰਾਸ਼ਟਰੀ ਪੱਧਰ ਦੀਆਂ ਟੀਮਾਂ ਦੇ ਮੁਕਾਬਲੇ ਬੜੇ ਦਿਲਚਸਪ ਸਨ।ਸਭ ਟੀਮਾਂ ਨੇ ਆਪਣੀ ਪੂਰੀ ਤਿਆਰੀ ਨਾਲ ਪੇਸ਼ਕਾਰੀ ਕੀਤੀ। ਆਪਸੀ ਮੁਕਾਬਲੇ ਵਿੱਚ ਕੁਝ ਨੰਬਰਾਂ ਦੇ ਹਿਸਾਬ ਨਾਲ ਹੀ ਇੱਕ-ਦੂਜੇ ਤੋਂ ਫ਼ਰਕ ਨਾਲ ਰਹੇ। ਟੀਮਾਂ ਲਈ ਇਨਾਮ ਵੱਖ-ਵੱਖ ਸਪਾਂਸਰਾਂ ਵੱਲੋਂ ਦਿੱਤੇ ਗਏ।

ਹੁਣ ਸਾਰਾ ਸਾਲ ਆਪਣੇ ਸਟੂਡੀਓ ਵਿੱਚ ਭੰਗੜਾ ਸਿਖਲਾਈ ਦੇਣ ਵਾਲੀ ਜੀ. ਐਚ. ਜੀ. ਅਕੈਡਮੀ ਦੇ ਸਿੱਖਿਆਰਥੀਆਂ ਦੀ ਟੀਮ ਨੇ ਵੀ ਹਮੇਸ਼ਾ ਵਾਂਗ ਬਾ-ਕਮਾਲ ਪੇਸ਼ਕਾਰੀ ਕੀਤੀ। ਜਿਸ ਵਿੱਚ ਭੰਗੜੇ ਤੋਂ ਇਲਾਵਾ ਬਾਬਿਆਂ ਦਾ "ਮਲਵਈ ਗਿੱਧਾ" ਅਤੇ "ਮਾਂਵਾਂ ਦਾ ਗਿੱਧਾ" ਦੀ ਪੇਸ਼ਕਾਰੀ ਨੇ ਪੰਜਾਬੀ ਸੱਭਿਆਚਾਰ ਦੀ ਅਸਲ ਤਸਵੀਰ ਪੇਸ਼ ਕਰਦੇ ਹੋਏ ਰੂਬ ਰੰਗ ਬੰਨੇ। ਇਸੇ ਤਰਾਂ ਸਭ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਸਨਮਾਨ ਚਿੰਨ ਦਿੱਤੇ ਗਏ।ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਦੀ ਮੁੱਖ ਭੂਮਿਕਾ ਬੀਬੀ ਆਸ਼ਾ ਸ਼ਰਮਾਂ ਨੇ ਹਮੇਸ਼ਾ ਵਾਂਗ ਬਾਖੂਬੀ ਨਿਭਾਈ। ਜਦ ਕਿ ਉਨ੍ਹਾਂ ਦਾ ਸਾਥ ਅਕੈਡਮੀਂ ਦੇ ਸਰਗਰਮ ਨੌਜਵਾਨ ਆਗੂ ਗੁਰਦੀਪ ਸ਼ੇਰਗਿੱਲ ਅਤੇ ਜਸਪ੍ਰੀਤ ਸਿੱਘ ਸਿੱਧੂ ਨੇ ਦਿੱਤਾ। ਇਸ ਸਮੁੱਚੇ ਕਾਰਜ ਨੂੰ ਨੇਪਰੇ ਚਾੜਨ ਵਿੱਚ ਸਭ ਪ੍ਰਬੰਧਕ ਵਧਾਈ ਦੇ ਪਾਤਰ ਹਨ। ਜਿਸ ਤੋਂ ਸਭ ਹਾਜ਼ਰੀਨ ਬਹੁਤ ਖੁਸ਼ ਸਨ। ਅੱਜ ਦੇ ਸਮੇਂ ਅੰਦਰ ਬੱਚਿਆਂ ਨੂੰ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਕੱਢ ਵੀਡੀਓ ਗੇਮ ਵਰਗੀ ਆਦਤ ਤੋਂ ਦੂਰ ਕਰਨਾ ਅਤੇ ਆਪਣੇ ਸੱਭਿਆਚਾਰਕ ਵਿਰਸੇ ਅਤੇ ਧਰਮ ਨਾਲ ਜੋੜਨ ਦਾ ਇਹ ਇਕ ਪ੍ਰਬੰਧਕਾ ਦਾ ਬਹੁਤ ਵੱਡਾ ਉਪਰਾਲਾ ਹੈ। ਅੱਜ ਇਹ ਲੋੜ ਵੀ ਹੈ ਕਿ ਬੱਚੇ ਘਰ ਦੀ ਚਾਰ ਦੀਵਾਰੀ ਅੰਦਰ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਬਾਹਰ ਬੱਚਿਆਂ ਵਿੱਚ ਲਿਆਉਣਾ ਅਤੇ ਆਪਣੇ ਸੱਭਿਆਚਾਰ ਨਾਲ ਜੋੜਨਾ, ਜਿੱਥੇ ਉਨ੍ਹਾਂ ਦੀ ਮਾਨਸਿਕਤਾ ਨੂੰ ਕਾਇਮ ਰੱਖਦਾ ਹੈ। ਉੱਥੇ ਉਨ੍ਹਾਂ ਵਿੱਚ ਤੰਦਰੁਸਤੀ ਅਤੇ ਸਵੈ-ਵਿਸ਼ਵਾਸ ਵੀ ਪੈਦਾ ਹੁੰਦਾ ਹੈ। ਅੰਤ ਪ੍ਰਬੰਧਕਾਂ ਵੱਲੋਂ ਸਮੂੰਹ ਸਹਿਯੋਗੀਆਂ ਸਨਮਾਨ ਅਤੇ ਹਾਜ਼ਰੀਨ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਅਜਿਹੇ ਪ੍ਰੋਗਰਾਮ ਹੀ ਪੰਜਾਬੀ ਸੱਭਿਆਚਾਰ ਅਤੇ ਬੋਲੀ ਨੂੰ ਆਉਣ ਵਾਲੀਆ ਪੀੜੀਆਂ ਤੱਕ ਚੱਲਦੇ ਰੱਖਣ ਵਿੱਚ ਬਹੁਤ ਸਹਾਇਕ ਹੋਣਗੇ। ਵੀਡੀਓ ਸੇਵਾਵਾਂ ਸਿੰਘ ਪ੍ਰੋਡਕਸ਼ਨ ਵੱਲੋਂ ਸਰੋਤਿਆਂ ਅਤੇ ਸਟੇਜ ਵਿਚਕਾਰ ਰਹਿੰਦੇ ਹੋਏ ਨਿਭਾਈਆਂ ਗਈਆਂ। ਇਸ ਸਮੁੱਚੇ ਕਾਰਜ ਲਈ ਅਸੀਂ "ਧਾਲੀਆਂ ਅਤੇ ਮਾਛੀਕੇ ਮੀਡੀਆ ਯੂ.ਐਸ.ਏ" ਵੱਲੋਂ ਪਰਮਜੀਤ ਸਿੰਘ ਧਾਲੀਵਾਲ, ਉਦੈਦੀਪ ਸਿੰਘ ਸਿੱਧੂ, ਗੁਰਦੀਪ ਸਿੰਘ ਸ਼ੇਰਗਿੱਲ, ਸਮੂੰਹ ਟੀਮ ਮੈਂਬਰਾਂ ਅਤੇ ਸਹਿਯੋਗੀਆਂ ਨੂੰ ਵਧਾਈ ਦਿੰਦੇ ਹਾਂ। ਅੰਤ ਆਪਣੀਆਂ ਅਮਿੱਟ ਪੈੜਾ ਛੱਡਦਾ ਹੋਇਆ ਇਹ ਅੰਤਰ-ਰਾਸ਼ਟਰੀ ਯੁਵਕ ਮੇਲਾ ਅਗਲੇ ਸਾਲ ਦਾ ਵਾਅਦਾ ਕਰਦੇ ਹੋਏ ਯਾਦਗਾਰੀ ਹੋ ਨਿਬੜਿਆ।

# ਬਾਬਾ ਲੱਖੀ ਸ਼ਾਹ ਜੀ ਵਣਜਾਰਾ ਅਤੇ ਬਾਬਾ ਜ਼ਖਣ ਸ਼ਾਹ ਜੀ ਲੁਬਾਣਾ ਦੇ ਜਨਮ ਦਿਹਾੜੇ 'ਤੇ ਵਿਸ਼ੇਸ਼ ਕੀਰਤਨ ਦਰਬਾਰ

ਫਰਿਜ਼ਨੋ
ਕੁਲਵੰਤ ਧਾਲੀਆਂ,ਨੀਟਾ ਮਾਛੀਕੇ

ਬਾਬਾ ਲੱਖੀ ਸ਼ਾਹ ਜੀ ਵਣਜਾਰਾ ਅਤੇ ਬਾਬਾ ਮੱਖਣ ਸ਼ਾਹ ਜੀ ਲੁਬਾਣਾ ਦੇ ਜਨਮ ਦਿਹਾੜਿਆਂ ਨੂੰ ਸਮਰਪਿਤ ਤਿੰਨ ਰੋਜ਼ਾ ਗੁਰਬਾਣੀ ਕਥਾ ਅਤੇ ਕੀਰਤਨ ਦਰਬਾਰ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ, ਕੈਲੇਫੋਰਨੀਆਂ ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰ ਗੁਰਬਾਣੀ ਦੇ ਚੱਲ ਰਹੇ ਪ੍ਰਵਾਹ ਦਾ ਅਨੰਦ ਮਾਣਿਆ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਸਮਾਗਮ ਵਿੱਚ ਬਹੁਤ ਸਾਰੇ ਪ੍ਰਸਿੱਧ ਕੀਰਤਨੀ ਜਥਿਆਂ ਅਤੇ ਕਥਾਵਾਚਕਾਂ ਨੇ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤ ਨੂੰ ਨਿਹਾਲ ਕੀਤਾ।

ਜਿਨ੍ਹਾਂ ਵਿੱਚ ਭਾਈ ਉਂਕਾਰ ਸਿੰਘ ਜੀ (ਊਨਾ ਸਾਹਿਬ ਵਾਲੇ), ਭਾਈ ਸੁਰਜੀਤ ਸਿੰਘ ਜੀ, ਗਗਨਦੀਪ ਸਿੰਘ ਹਿਸਟੋਰੀਅਨ ਤੋਂ ਇਲਾਵਾ ਹੋਰ ਅਨੇਕਾਂ ਪ੍ਰਸਿੱਧ ਰਾਗੀ ਜਥਿਆਂ ਨੇ ਵੀ ਆਪਣੀ ਹਾਜ਼ਰੀ ਭਰੀ ਅਤੇ ਗੁਰੂ ਜਸ ਰਾਹੀਂ ਸੰਗਤ ਨੂੰ ਨਿਹਾਲ ਕੀਤਾ।

ਇੰਨਾਂ ਚੱਲ ਰਹੇ ਤਿੰਨ ਦਿਨਾਂ ਸਮਾਗਮ ਦੇ ਆਖਰੀ ਦਿਨ ਗੁਰੂਘਰ ਦੀ ਪ੍ਰਬੰਧਕ ਕਮੇਟੀ ਨੇ ਸਮੂੰਹ ਰਾਗੀ ਜੱਥਿਆਂ, ਕਥਾਵਾਚਕਾਂ, ਸੇਵਾਦਾਰਾਂ ਅਤੇ ਪੁੱਜੀਆਂ ਸੰਗਤਾਂ ਦਾ ਧੰਨਵਾਦ ਕਰਦੇ ਹੋਏ ਭਵਿੱਖ ਵਿੱਚ ਵੀ ਅਜਿਹੇ ਧਾਰਮਿਕ ਸਮਾਗਮਾਂ ਵਿੱਚ ਵੱਧ ਚੜ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਇੰਨਾਂ ਸਮਾਗਮਾਂ ਅਤੇ ਚੱਲ ਰਹੇ ਗੁਰਬਾਣੀ ਦੇ ਪ੍ਰਸਾਰਣ ਦੀ ਸੇਵਾ ਭਾਈ ਬਲਵਿੰਦਰ ਸਿੰਘ "ਸਿੰਘ ਪ੍ਰੋਡਕਸਨ" ਵਾਲਿਆਂ ਨੇ ਨਿਭਾਈ। ਇਸੇ ਦੌਰਾਨ ਤਿੰਨੋਂ ਦਿਨ ਗੁਰੂ ਦੇ ਲੰਗਰ ਅਤੁੱਟ ਵਰਤੇ।



# ਕਾਂਗਰਸੀ ਸੰਸਦ ਮੈਂਬਰਾਂ ਵੱਲੋਂ ਪੇਪਰ ਲੀਕ ਖ਼ਿਲਾਫ਼ ਸੰਸਦ ਭਵਨ ਦੇ ਬਾਹਰ ਪ੍ਰਦਰਸ਼ਨ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਪੰਜਾਬ ਤੋਂ ਕਾਂਗਰਸ ਦੇ ਸੰਸਦ ਮੈਂਬਰਾਂ ਵਲੋਂ ਪੰਜਾਬ ਵਿੱਚ ਹੋਏ ਪੇਪਰ ਲੀਕ ਦੇ ਮਾਮਲਿਆਂ ਅਤੇ ਸਫ਼ਾਈ ਕਰਮਚਾਰੀਆਂ 'ਤੇ ਪੁਲਿਸ ਵੱਲੋਂ ਕੀਤੀ ਗਈ ਬਰਬਰਤਾ ਦੇ ਖ਼ਿਲਾਫ਼ ਸੰਸਦ ਭਵਨ ਪ੍ਰਦਰਸ਼ਨ ਕੀਤਾ ਗਿਆ।ਕਾਂਗਰਸੀ ਸੰਸਦ ਮੈਂਬਰਾਂ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਇਹ ਦੋਸ਼ ਵੀ ਲਗਾਇਆ ਕਿ ਉਹ ਬੇਸ਼ਰਮੀ ਨਾਲ ਝੂਠ ਬੋਲਦਿਆਂ, ਇਹ ਕਹਿ ਰਹੇ ਹਨ ਕਿ ਆਮ ਆਦਮੀ ਪਾਰਟੀ ਦੇ ਕਾਰਜਕਾਲ ਦੌਰਾਨ ਪੰਜਾਬ ਵਿੱਚ ਕੋਈ ਵੀ ਪੇਪਰ ਲੀਕ ਨਹੀਂ ਹੋਇਆ ਹੈ, ਜਦਕਿ ਹੁਣ ਤੱਕ ਆਪ ਸਰਕਾਰ ਦੇ ਸ਼ਾਸਨ ਵਿੱਚ ਛੇ ਪੇਪਰ ਲੀਕ ਹੋ ਚੁੱਕੇ ਹਨ।ਇਸ ਮੌਕੇ ਪ੍ਰਦਰਸ਼ਨ ਕਰਨ ਵਾਲੇ ਸੰਸਦ ਮੈਂਬਰਾਂ ਵਿੱਚ, ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਡਾ. ਅਮਰ ਸਿੰਘ, ਗੁਰਜੀਤ ਸਿੰਘ ਔਜਲਾ ਅਤੇ ਸ਼ੇਰ ਸਿੰਘ ਘੁਬਾਇਆ ਸ਼ਾਮਲ ਸਨ। ਉਹ ਆਪਣੇ ਹੱਥਾਂ ਵਿੱਚ ਤਖ਼ਤੀਆਂ ਫੜ ਕੇ ਪੰਜਾਬ ਵਿੱਚ ਪੇਪਰ ਲੀਕ ਕਾਰਨ ਪ੍ਰਭਾਵਿਤ ਹੋਏ ਪੰਜ ਲੱਖ ਵਿਦਿਆਰਥੀਆਂ ਨੂੰ ਇਨਸਾਫ਼ ਦੇਣ ਦੀ ਮੰਗ ਕਰ ਰਹੇ ਸਨ।ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਪੇਪਰ ਲੀਕ ਮਾਮਲੇ ਵਿੱਚ ਅਤੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਸਫ਼ਾਈ ਕਰਮਚਾਰੀਆਂ 'ਤੇ ਪੰਜਾਬ ਪੁਲਿਸ ਵੱਲੋਂ ਕੀਤੇ ਅਤਿਆਚਾਰ ਲਈ ਵੀ ਮੁਆਫੀ ਮੰਗਣ ਦੀ ਮੰਗ ਕੀਤੀ।ਵੜਿੰਗ ਨੇ ਕਿਹਾ ਕਿ ਮੁੱਖ ਮੰਤਰੀ ਇਹ ਕਹਿ ਕੇ ਬੇਸ਼ਰਮੀ ਨਾਲ ਝੂਠ ਬੋਲ ਰਹੇ ਹਨ ਕਿ ਆਪ ਸਰਕਾਰ ਦੇ ਕਾਰਜਕਾਲ ਦੌਰਾਨ ਪੰਜਾਬ ਵਿੱਚ ਕੋਈ ਵੀ ਪੇਪਰ ਲੀਕ ਨਹੀਂ ਹੋਇਆ ਹੈ।

ਵੜਿੰਗ ਨੇ ਮਾਨ ਦੇ ਦਾਅਵਿਆਂ 'ਤੇ ਪ੍ਰਤੀਕਿਰਿਆ ਦਿੰਦਿਆਂ, ਕਿਹਾ ਕਿ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਛੇ ਪੇਪਰ ਲੀਕ ਹੋਏ ਹਨ ਅਤੇ ਇਸਦੇ ਬਾਵਜੂਦ ਮੁੱਖ ਮੰਤਰੀ ਵਿੱਚ ਇਨ੍ਹਾਂ ਤੋਂ ਇਨਕਾਰ ਕਰਨ ਦੀ ਹਿੰਮਤ ਹੈ। ਉਨ੍ਹਾਂ ਨੇ ਸਵਾਲ ਕੀਤਾ ਕਿ ਜੇ ਪੇਪਰ ਲੀਕ ਨਹੀਂ ਹੋਏ, ਤਾਂ ਫਿਰ ਐਫ਼ਆਈਆਰਾਂ ਕਿਉਂ ਦਰਜ ਕੀਤੀਆਂ ਗਈਆਂ ਹਨ?ਸੂਬਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਪੰਜਾਬ ਵਿੱਚ ਹੋਈਆਂ ਪੇਪਰ ਲੀਕ ਦੀਆਂ ਘਟਨਾਵਾਂ ਕਾਰਨ ਲਗਭਗ ਪੰਜ ਲੱਖ ਵਿਦਿਆਰਥੀ ਅਤੇ ਨੌਕਰੀ ਦੇ ਚਾਹਵਾਨ ਪ੍ਰਭਾਵਿਤ ਹੋਏ ਹਨ। ਜੇਕਰ ਮਾਨ ਜਾਂ ਉਨ੍ਹਾਂ ਦੇ ਦਿੱਲੀ ਵਾਲੇ ਆਗੂ ਇਹ ਸੋਚਦੇ ਹਨ ਕਿ ਉਹ ਪੇਪਰ ਲੀਕ ਮਾਮਲੇ ਨੂੰ ਦਬਾ ਦੇਣਗੇ, ਤਾਂ ਉਹ ਵੱਡੀ ਭੁੱਲ ਕਰ ਰਹੇ ਹਨ। ਉਨ੍ਹਾਂ ਨੇ ਦੁਹਰਾਇਆ ਕਿ ਕਾਂਗਰਸ ਸਬੰਧਤ ਮੰਤਰੀ ਦੇ ਅਸਤੀਫ਼ੇ ਲਈ ਆਪਣੀ ਮੁਹਿੰਮ ਜਾਰੀ ਰੱਖੇਗੀ।ਵੜਿੰਗ ਨੇ ਮੁੱਖ ਮੰਤਰੀ ਨੂੰ ਪ੍ਰਭਾਵਿਤ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਤੋਂ ਮੁਆਫੀ ਮੰਗਣ ਲਈ ਕਿਹਾ ਹੈ। ਸੂਬਾ ਕਾਂਗਰਸ ਪ੍ਰਧਾਨ ਨੇ ਮਾਨ ਨੂੰ ਕਿਹਾ ਕਿ ਉਹ ਸਬੰਧਤ ਮੰਤਰੀ ਨੂੰ ਬਰਖ਼ਾਸਤ ਕਰਨ ਜਾਂ ਫਿਰ ਮੰਤਰੀ ਨੈਤਿਕ ਜ਼ਿੰਮੇਵਾਰੀ ਸਵੀਕਾਰ ਕਰਦੇ ਹੋਏ ਖੁਦ ਅਸਤੀਫ਼ਾ ਦੇਣ। ਉਨ੍ਹਾਂ ਨੇ ਕਿਹਾ ਕਿ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ। ਦੋਸ਼ੀਆਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਇਸ ਮਾਮਲੇ ਨੂੰ ਅਸੀਂ ਇੰਝ ਹੀ ਨਹੀਂ ਜਾਣ ਦਿਆਂਗੇ।




Punjabi Cultural Society of Tracy
19th Annual Tracy Teeyan
Sunday, August 2, 2026
Time 10:00Am to 06:00Pm
I.P.F.E.S. Portuguese Hall of Tracy,
400 W 9th St. Tracy, CA
With Punjabi famous singer
KULWINDER BILLA
ਇਲਾਕੇ ਦੀਆਂ ਸਮੂਹ ਪੰਜਾਬੀ ਮੁਟਿਆਰਾਂ ਵੱਲੋਂ
ਗਿੱਧਾ, ਭੰਗੜਾ, ਬੋਲੀਆਂ ਪਾ ਪੇਸ਼ ਕੀਤੀਆਂ ਜਾਣਗੀਆਂ
ਵੱਖ-ਵੱਖ ਸੱਭਿਆਚਾਰਕ ਵੰਨਗੀਆ ਤੇ ਦਿਲ ਖਿੱਚਵੇਂ ਰੰਗਾਂ -ਰੰਗ ਪ੍ਰੋਗਰਾਮ।
ਲੱਗਣਗੇ ਹਾਰ- ਸ਼ਿੰਗਾਰ ਤੇ ਵੱਖੋ-ਵੱਖਰੇ ਖਾਣ ਪੀਣ ਦੇ ਸਟਾਲ !
TICKET
$10 TICKET
Kids under 5 free
Doors will close at 2 pm
Hosted by
Asha Sharma
FOR SPONSORSHIP AND PARTICIPATION
PLEASE CONTACT
Tajinder Muhar (209) 640-9521
Rani Kahlon
(ਸਟਾਲ ਸਾਰੇ ਬੁੱਕ ਹੋ ਚੁੱਕੇ ਨੇ) ਸਟੇਜ ਪਰਫਾਰਮੈਂਸ ਕਰਨ ਲਈ ਸੰਪਰਕ ਕਰੋ
ਵਧੇਰੇ ਜਾਣਕਾਰੀ ਲਈ ਕਾਲ ਕਰੋ : Tajinder Muhar (209) 640-9521


ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫ਼ਤਹਿ
SIKH GURDWARA - SAN JOSE
ਵਿਸ਼ਾਲ ਗੁਰਮਤਿ ਸਮਾਗਮ
ਅਮਰੀਕਾ ਦੀ ਧਰਤੀ 'ਤੇ ਸਥਿਤ
SAN JOSE ਗੁਰਦੁਆਰਾ ਸਾਹਿਬ, ਕੈਲੀਫੋਰਨੀਆ ਵਿਖੇ
ਇੱਕ ਵਿਸ਼ਾਲ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਜਾ ਰਿਹਾ ਹੈ।
ਇਸ ਪਾਵਨ ਸਮਾਗਮ ਵਿੱਚ
ਭਾਈ ਰਣਜੀਤ ਸਿੰਘ ਜੀ ਖਾਲਸਾ ਢੱਡਰੀਆਂ ਵਾਲੇ
ਪਾਵਨ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ
ਸੰਗਤਾਂ ਨੂੰ ਨਿਹਾਲ ਕਰਨਗੇ।
ਸਮਾਗਮ ਦੀਆਂ ਮਿਤੀਆਂ
7 ਅਤੇ 8 ਅਗਸਤ 2026
ਸ਼ਾਮ 6:00 ਵਜੇ ਤੋਂ 9:00 ਵਜੇ ਤੱਕ
ਸਮਾਗਮ ਦੀਆਂ ਮਿਤੀਆਂ
9 ਅਗਸਤ 2026
ਸਵੇਰੇ 11:00 ਵਜੇ ਤੋਂ ਦੁਪਹਿਰ 2:00 ਵਜੇ ਤੱਕ
ਸਥਾਨ
3636 Gurdwara Avenue
San Jose, Cailforina
ਜੇ ਤੁਸੀਂ ਕੈਲੀਫੋਰਨੀਆ ਜਾਂ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਰਹਿੰਦੇ ਹੋ
ਤਾਂ ਆਪਣੇ ਪਰਿਵਾਰ ਅਤੇ ਬੱਚਿਆਂ ਸਮੇਤ ਇਸ ਪਾਵਨ ਗੁਰਮਤਿ ਸਮਾਗਮ ਵਿੱਚ ਜ਼ਰੂਰ ਪਹੁੰਚੋ
ਅਤੇ ਗੁਰਬਾਣੀ ਦੇ ਰਸ ਨਾਲ ਆਪਣਾ ਜੀਵਨ ਧੰਨ ਬਣਾਓ।
ਹੋਰ ਜਾਣਕਾਰੀ ਲਈ ਸੰਪਰਕ ਕਰੋ: +1(408) 274-9373
ਆਓ... ਗੁਰੂ ਚਰਨਾਂ ਵਿੱਚ ਸੀਸ ਨਿਵਾਈਏ, ਗੁਰਬਾਣੀ ਦਾ ਰਸ ਮਾਣੀਏ ਅਤੇ ਆਪਣੇ ਜੀਵਨ ਨੂੰ ਗੁਰੂ ਦੇ ਉਪਦੇਸ਼ਾਂ ਨਾਲ ਰੌਸ਼ਨ ਕਰੀਏ।


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
CUSTOMER SERVICE
For more information call
Boota Singh Basi +1 (209) 303-1260

# ਹਾਈਕੋਰਟ ਦੀਆਂ ਸਖ਼ਤ ਟਿੱਪਣੀਆਂ ਨਾਲ ਮਾਨ ਸਰਕਾਰ ਦੀ ਮਾਈਨਿੰਗ ਨੀਤੀ ਪਰਦਾਫਾਸ਼: ਪ੍ਰੋ. ਸਰਚਾਂਦ ਸਿੰਘ ਖਿਆਲਾ

ਅੰਮ੍ਰਿਤਸਰ
ਡਾ.ਰਜਿੰਦਰ ਰਿਖੀ

ਭਾਰਤੀ ਜਨਤਾ ਪਾਰਟੀ ਪੰਜਾਬ ਦੇ ਬੁਲਾਰੇ ਅਤੇ ਸਿੱਖ ਚਿੰਤਕ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਪਠਾਨਕੋਟ, ਗੁਰਦਾਸਪੁਰ ਅਤੇ ਹੁਸ਼ਿਆਰਪੁਰ ਵਿੱਚ ਕੀਤੀ ਜਾ ਰਹੀ ਕਥਿਤ ਗੈਰ-ਕਾਨੂੰਨੀ ਮਾਈਨਿੰਗ ਸਬੰਧੀ ਕੀਤੀਆਂ ਗਈਆਂ ਸਖ਼ਤ ਟਿੱਪਣੀਆਂ ਅਤੇ ਸਰਕਾਰ ਦੀ ਮਾਈਨਿੰਗ ਨੀਤੀ ਉੱਤੇ ਉਠਾਏ ਗਏ ਗੰਭੀਰ ਸਵਾਲੀਆ ਨਿਸ਼ਾਨ ਨੇ ਭਾਜਪਾ ਵੱਲੋਂ ਭਗਵੰਤ ਮਾਨ ਸਰਕਾਰ 'ਚ ਵੱਡੇ ਪੱਧਰ 'ਤੇ ਗੈਰ-ਕਾਨੂੰਨੀ ਮਾਈਨਿੰਗ ਹੋਣ ਦੇ ਦਾਅਵਿਆਂ ਨੂੰ ਪੁਖ਼ਤਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਮਾਨ ਸਰਕਾਰ ਦੇ ਦਾਅਵੇ ਅਨੁਸਾਰ ਪੰਜਾਬ ਵਿੱਚ ਗੈਰ-ਕਾਨੂੰਨੀ ਮਾਈਨਿੰਗ 'ਤੇ ਪੂਰੀ ਤਰ੍ਹਾਂ ਕਾਬੂ ਪਾ ਲਿਆ ਗਿਆ ਹੈ ਤਾਂ ਫਿਰ ਹਾਈਕੋਰਟ ਨੂੰ ਇੱਕ ਤੋਂ ਬਾਅਦ ਇੱਕ ਮਾਮਲਿਆਂ ਵਿੱਚ ਦਖ਼ਲ ਕਿਉਂ ਦੇਣਾ ਪੈ ਰਿਹਾ ਹੈ?

ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਮਾਨ 'ਤੇ ਤਿੱਖਾ ਸ਼ਬਦੀ ਹਮਲਾ ਕਰਦਿਆਂ ਕਿਹਾ ਕਿ ਚੋਣਾਂ ਤੋਂ ਪਹਿਲਾਂ ਮੋਗਾ ਦੀ ਰੈਲੀ ਵਿੱਚ ਅਰਵਿੰਦ ਕੇਜਰੀਵਾਲ ਨੇ ਕਾਂਗਰਸ ਸਰਕਾਰ 'ਤੇ ਪੰਜਾਬ ਦੀ ਗੈਰ-ਕਾਨੂੰਨੀ ਮਾਈਨਿੰਗ ਦਾ ਪੈਸਾ "ਉੱਪਰ ਤੱਕ" ਪਹੁੰਚਣ ਦੇ ਦੋਸ਼ ਲਗਾਏ ਸਨ। ਉਨ੍ਹਾਂ ਇਹ ਵੀ ਦਾਅਵਾ ਕੀਤਾ ਸੀ ਕਿ ਪੰਜਾਬ ਦੀ ਮਾਈਨਿੰਗ ਤੋਂ ਹਰ ਸਾਲ 20,000 ਕਰੋੜ ਦੀ ਆਮਦਨ ਹੋ ਸਕਦੀ ਹੈ।ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦੇ ਲੋਕ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਤੋਂ ਸਿੱਧਾ ਜਵਾਬ ਮੰਗ ਰਹੇ ਹਨ ਕਿ ਜੇ ਪੰਜਾਬ ਦੀ ਮਾਈਨਿੰਗ ਵਿੱਚ 20,000 ਕਰੋੜ ਦੀ ਸਾਲਾਨਾ ਆਮਦਨ ਦੀ ਸਮਰੱਥਾ ਸੀ ਤਾਂ ਅੱਜ ਸਰਕਾਰੀ ਖ਼ਜ਼ਾਨੇ ਵਿੱਚ ਕੇਵਲ ਦੋ-ਤਿੰਨ ਸੌ ਕਰੋੜ ਰੁਪਏ ਹੀ ਕਿਉਂ ਆ ਰਹੇ ਹਨ? ਬਾਕੀ ਹਜ਼ਾਰਾਂ ਕਰੋੜ ਰੁਪਏ ਦਾ ਹਿਸਾਬ ਕੌਣ ਦੇਵੇਗਾ? ਅਤੇ ਜਿਸ ਪੈਸੇ ਬਾਰੇ ਕਦੇ ਕੇਜਰੀਵਾਲ ਕਹਿੰਦੇ ਸਨ ਕਿ ਉਹ "ਉੱਪਰ ਤੱਕ" ਜਾਂਦਾ ਹੈ, ਅੱਜ ਉਹ ਪੈਸਾ ਕਿਸ-ਕਿਸ ਤੱਕ ਪਹੁੰਚ ਰਿਹਾ ਹੈ?ਪ੍ਰੋ. ਖਿਆਲਾ ਨੇ ਕਿਹਾ ਕਿ ਹੁਣ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਦੀ ਰਿਪੋਰਟ ਦੇ ਆਧਾਰ 'ਤੇ ਪਠਾਨਕੋਟ ਅਤੇ ਗੁਰਦਾਸਪੁਰ ਦੇ ਖੇਤਰਾਂ ਵਿੱਚ ਵੱਡੇ ਪੱਧਰ 'ਤੇ ਮਾਈਨਿੰਗ ਅਤੇ ਭਾਰੀ ਮਸ਼ੀਨਰੀ ਦੀ ਮੌਜੂਦਗੀ ਦਾ ਖ਼ੁਲਾਸਾ ਹੋਇਆ ਹੈ। ਅਦਾਲਤ ਨੇ ਡਿਪਟੀ ਕਮਿਸ਼ਨਰਾਂ ਅਤੇ ਜ਼ਿਲ੍ਹਾ ਮਾਈਨਿੰਗ ਅਫ਼ਸਰਾਂ ਨੂੰ ਤੁਰੰਤ ਕਥਿਤ ਗੈਰ-ਅਧਿਕਾਰਤ ਮਾਈਨਿੰਗ ਰੋਕਣ, ਪੂਰੇ ਖੇਤਰਾਂ ਦੀ ਵੀਡੀਓਗ੍ਰਾਫੀ ਕਰਵਾਉਣ ਅਤੇ ਸਥਿਤੀ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਇੱਥੋਂ ਤੱਕ ਕਿ ਅਦਾਲਤ ਨੇ ਇਹ ਵੀ ਚੇਤਾਵਨੀ ਦਿੱਤੀ ਹੈ ਕਿ ਹੁਕਮਾਂ ਦੀ ਉਲੰਘਣਾ ਹੋਣ 'ਤੇ ਸੰਬੰਧਿਤ ਅਧਿਕਾਰੀਆਂ ਦੀ ਨਿੱਜੀ ਜ਼ਿੰਮੇਵਾਰੀ ਤੈਅ ਕੀਤੀ ਜਾਵੇਗੀ। ਅਦਾਲਤ ਦੀਆਂ ਟਿੱਪਣੀਆਂ ਪੰਜਾਬ ਦੇ ਕੁਦਰਤੀ ਸਰੋਤਾਂ ਦੀ ਸੁਰੱਖਿਆ ਅਤੇ ਕਥਿਤ ਗੈਰ-ਕਾਨੂੰਨੀ ਖਨਨ ਨੂੰ ਲੈ ਕੇ ਗੰਭੀਰ ਚਿੰਤਾ ਨੂੰ ਦਰਸਾਉਂਦੀਆਂ ਹਨ।ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਨਾਲ ਸੰਬੰਧਿਤ ਮਾਮਲੇ ਵਿੱਚ ਵੀ ਹਾਈਕੋਰਟ ਨੇ ਕਥਿਤ ਗੈਰ-ਕਾਨੂੰਨੀ ਮਾਈਨਿੰਗ, ਪਹਾੜੀਆਂ ਦੇ ਵੱਡੇ ਪੱਧਰ 'ਤੇ ਕਟਾਅ ਅਤੇ ਦਰਜਨਾਂ ਸਟੋਨ ਕ੍ਰਸ਼ਰਾਂ ਦੇ ਸੰਚਾਲਨ ਸਬੰਧੀ ਉੱਠੇ ਜਨਹਿੱਤ ਦੇ ਮੁੱਦਿਆਂ ਨੂੰ ਬੇਹੱਦ ਗੰਭੀਰਤਾ ਨਾਲ ਲੈਂਦਿਆਂ ਸਰਕਾਰ ਤੋਂ ਵਿਸਥਾਰਪੂਰਵਕ ਸਥਿਤੀ ਰਿਪੋਰਟ ਤਲਬ ਕੀਤੀ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ ਪੰਜਾਬ ਦੀਆਂ ਨਦੀਆਂ, ਪਹਾੜੀਆਂ ਅਤੇ ਖਣਿਜ ਸੰਪਦਾ ਕਿਸੇ ਸਰਕਾਰ ਦੀ ਜਗੀਰ ਨਹੀਂ, ਸਗੋਂ ਪੰਜਾਬ ਦੇ ਲੋਕਾਂ ਦੀ ਸਾਂਝੀ ਵਿਰਾਸਤ ਹਨ। ਜੇ ਇਨ੍ਹਾਂ ਸਰੋਤਾਂ ਦੀ ਲੁੱਟ ਬਾਰੇ ਲਗਾਤਾਰ ਸਵਾਲ ਉੱਠ ਰਹੇ ਹਨ ਅਤੇ ਹਾਈਕੋਰਟ ਨੂੰ ਦਖ਼ਲ ਦੇਣਾ ਪੈ ਰਿਹਾ ਹੈ ਤਾਂ ਸਰਕਾਰ ਨੂੰ ਜਵਾਬਦੇਹ ਬਣਨਾ ਹੀ ਪਵੇਗਾ।

ਉਨ੍ਹਾਂ ਸਵਾਲ ਕੀਤਾ ਕਿ ਕੀ ਰਾਵੀ ਅਤੇ ਹੋਰ ਖੇਤਰਾਂ ਵਿੱਚ ਹੋ ਰਹੀ ਕਥਿਤ ਗੈਰ-ਕਾਨੂੰਨੀ ਮਾਈਨਿੰਗ ਨੂੰ ਸੱਤਾਧਾਰੀ ਧਿਰ ਦੀ ਸਰਪ੍ਰਸਤੀ ਪ੍ਰਾਪਤ ਹੈ? ਜੇ ਸਭ ਕੁਝ ਕਾਨੂੰਨ ਅਨੁਸਾਰ ਹੋ ਰਿਹਾ ਹੈ ਤਾਂ ਹਾਈਕੋਰਟ ਨੂੰ ਵਾਰ-ਵਾਰ ਦਖ਼ਲ ਦੇਣ ਦੀ ਲੋੜ ਕਿਉਂ ਪੈ ਰਹੀ ਹੈ? ਪੰਜਾਬ ਦੇ ਕੁਦਰਤੀ ਸਰੋਤਾਂ ਦੀ ਰੱਖਿਆ ਲਈ ਸਰਕਾਰ ਨੇ ਹੁਣ ਤੱਕ ਕਿਹੜੀ ਠੋਸ ਕਾਰਵਾਈ ਕੀਤੀ ਹੈ? ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਆਪਣੇ ਕੁਦਰਤੀ ਸਰੋਤਾਂ ਦੀ ਸੁਰੱਖਿਆ, ਪਾਰਦਰਸ਼ੀ ਸ਼ਾਸਨ ਅਤੇ ਹਰ ਪੈਸੇ ਦਾ ਹਿਸਾਬ ਜਾਣਨ ਦੇ ਹੱਕਦਾਰ ਹਨ।



# ਭਾਰਤ ਅਤੇ ਕੈਨੇਡਾ ਨੇ ਸਮੁੰਦਰੀ ਸਹਿਯੋਗ ਰੱਖਿਆ ਸਬੰਧਾਂ ਨੂੰ ਵਧਾਉਣ 'ਤੇ ਕੀਤੀ ਚਰਚਾ

ਓਟਵਾ
ਸਾਂਝੀ ਸੋਚ ਬਿਊਰੋ


ਭਾਰਤ ਅਤੇ ਕੈਨੇਡਾ ਰੱਖਿਆ ਸਹਿਯੋਗ ਨੂੰ ਵਧਾਉਣ ਲਈ ਸਹਿਮਤ ਹੋਏ ਹਨ, ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਦਿਨੇਸ਼ ਕੇ. ਪਟਨਾਇਕ ਅਤੇ ਕੈਨੇਡੀਅਨ ਰਾਸ਼ਟਰੀ ਰੱਖਿਆ ਮੰਤਰੀ ਡੇਵਿਡ ਮੈਕਗਿੰਟੀ ਵਿਚਕਾਰ ਹੋਈ ਮੀਟਿੰਗ ਦੌਰਾਨ ਸਮੁੰਦਰੀ ਸਹਿਯੋਗ, ਰੱਖਿਆ ਸਮਰੱਥਾ ਨਿਰਮਾਣ ਅਤੇ ਸਿਖਲਾਈ ‘ਤੇ ਕੇਂਦ੍ਰਿਤ ਚਰਚਾਵਾਂ ਹੋਈਆਂ।

ਭਾਰਤੀ ਹਾਈ ਕਮਿਸ਼ਨ ਦੇ ਅਨੁਸਾਰ, ਸਮੁੰਦਰੀ ਸਹਿਯੋਗ ਨੂੰ ਮਜ਼ਬੂਤ ਕਰਨ, ਰੱਖਿਆ ਸਮਰੱਥਾ ਨਿਰਮਾਣ ਅਤੇ ਸਿਖਲਾਈ ਨੂੰ ਅੱਗੇ ਵਧਾਉਣ ਅਤੇ ਭਾਰਤ-ਕੈਨੇਡਾ ਰੱਖਿਆ ਸਬੰਧਾਂ ਨੂੰ ਡੂੰਘਾ ਕਰਨ ‘ਤੇ ਕੇਂਦ੍ਰਿਤ ਚਰਚਾਵਾਂ ਹੋਈਆਂ।ਕੈਨੇਡਾ ਵਿੱਚ ਭਾਰਤੀ ਹਾਈ ਕਮਿਸ਼ਨ ਦੇ ਅਨੁਸਾਰ, ਦੋਵਾਂ ਧਿਰਾਂ ਨੇ ਸ਼ਾਂਤੀ, ਸਥਿਰਤਾ ਅਤੇ ਮਜ਼ਬੂਤ ਦੁਵੱਲੇ ਸਬੰਧਾਂ ਨੂੰ ਉਤਸ਼ਾਹਿਤ ਕਰਨ ਲਈ ਆਪਣੀ ਸਾਂਝੀ ਵਚਨਬੱਧਤਾ ਦੀ ਪੁਸ਼ਟੀ ਵੀ ਕੀਤੀ।

ਇਹ ਮੀਟਿੰਗ ਪਿਛਲੇ ਹਫ਼ਤੇ ਮਨੀਲਾ ਵਿੱਚ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਦੇ ਆਪਣੇ ਕੈਨੇਡੀਅਨ ਹਮਰੁਤਬਾ ਅਨੀਤਾ ਆਨੰਦ ਨਾਲ ਹਾਲ ਹੀ ਵਿੱਚ ਹੋਏ ਸਬੰਧਾਂ ਤੋਂ ਬਾਅਦ ਹੋਈ ਹੈ।ਇਸ ਗੱਲ ‘ਤੇ ਜ਼ੋਰ ਦਿੰਦੇ ਹੋਏ ਕਿ ਭਾਰਤ ਅਤੇ ਕੈਨੇਡਾ ਵਿਚਕਾਰ ਸਹਿਯੋਗ ਵਧ ਰਿਹਾ ਹੈ, ਈਏਐਮ ਜੈਸ਼ੰਕਰ ਨੇ ਕਿਹਾ ਕਿ ਅਨੀਤਾ ਆਨੰਦ ਨਾਲ ਉਨ੍ਹਾਂ ਦੀ ਗੱਲਬਾਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੁਆਰਾ ਨਿਰਧਾਰਤ ਸਬੰਧਾਂ ਲਈ ਟੀਚਿਆਂ ਨੂੰ ਪ੍ਰਾਪਤ ਕਰਨ ‘ਤੇ ਕੇਂਦ੍ਰਿਤ ਸੀ।

ਪਿਛਲੇ ਮਹੀਨੇ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਕੈਨੇਡੀਅਨ ਹਮਰੁਤਬਾ, ਮਾਰਕ ਕਾਰਨੀ ਨੇ ਫਰਾਂਸ ਦੇ ਈਵੀਅਨ ਵਿੱਚ ਚੱਲ ਰਹੇ ਜੀ7 ਸੰਮੇਲਨ ਦੇ ਮੌਕੇ ‘ਤੇ ਆਪਣੀ ਦੁਵੱਲੀ ਮੀਟਿੰਗ ਦੌਰਾਨ ਭਾਰਤ ਅਤੇ ਕੈਨੇਡਾ ਵਿਚਕਾਰ ਸਬੰਧਾਂ ਦੀ ਪੂਰੀ ਸ਼੍ਰੇਣੀ ਦੀ ਸਮੀਖਿਆ ਕੀਤੀ ਸੀ।

ਪੀਐਮ ਮੋਦੀ ਨੇ ਐਕਸ ‘ਤੇ ਲਿਖਿਆ “ਈਵੀਅਨ ਜੀ7 ਸੰਮੇਲਨ ਦੇ ਮੌਕੇ ‘ਤੇ ਪ੍ਰਧਾਨ ਮੰਤਰੀ ਕਾਰਨੀ ਨੂੰ ਮਿਲ ਕੇ ਖੁਸ਼ੀ ਹੋਈ। ਇੱਕ ਸਾਲ ਤੋਂ ਵੀ ਘੱਟ ਸਮੇਂ ਵਿੱਚ, ਇਹ ਸਾਡੀ ਚੌਥੀ ਮੀਟਿੰਗ ਹੈ, ਜੋ ਕਿ ਮਜ਼ਬੂਤ ਭਾਰਤ-ਕੈਨੇਡਾ ਸਬੰਧਾਂ ਪ੍ਰਤੀ ਸਾਡੀ ਵਚਨਬੱਧਤਾ ਨੂੰ ਦਰਸਾਉਂਦੀ ਹੈ।”ਭਾਰਤ ਅਤੇ ਕੈਨੇਡਾ ਵਿਚਕਾਰ ਸਬੰਧ ਸਾਂਝੇ ਲੋਕਤੰਤਰੀ ਮੁੱਲਾਂ, ਕਾਨੂੰਨ ਦੇ ਰਾਜ ਪ੍ਰਤੀ ਦ੍ਰਿੜ ਵਚਨਬੱਧਤਾ, ਅਤੇ ਜੀਵੰਤ ਲੋਕਾਂ ਤੋਂ ਲੋਕਾਂ ਦੇ ਸਬੰਧਾਂ ਦੁਆਰਾ ਰੇਖਾਂਕਿਤ ਹਨ। ਦੋਵਾਂ ਦੇਸ਼ਾਂ ਕੋਲ ਅਧਿਕਾਰਤ ਪੱਧਰ ਦੇ ਸੰਵਾਦ ਵਿਧੀਆਂ ਹਨ ਜਿਵੇਂ ਕਿ ਮੰਤਰੀ ਪੱਧਰ ਦੇ ਰਣਨੀਤਕ, ਵਪਾਰ ਅਤੇ ਊਰਜਾ ਸੰਵਾਦ; ਵਿਦੇਸ਼ ਦਫ਼ਤਰ ਸਲਾਹ-ਮਸ਼ਵਰੇ; ਵਾਤਾਵਰਣ ‘ਤੇ ਸੰਯੁਕਤ ਕਮੇਟੀ ਦੀ ਮੀਟਿੰਗ ਅਤੇ ਹੋਰ ਖੇਤਰ-ਵਿਸ਼ੇਸ਼ ਸੰਯੁਕਤ ਕਾਰਜ ਸਮੂਹ।



# ਸੂਬੇ ਵਿੱਚ ਬੱਚੇ 'ਤੇ ਹਮਲੇ ਤੋਂ ਬਾਅਦ ਅਵਾਰਾ ਕੁੱਤਿਆਂ ਦਾ ਟੀਕਾਕਰਨ ਮੁਹਿੰਮ ਤੇਜ਼

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਤਾਮਿਲਨਾਡੂ ਦੇ ਵੇਲੋਰ, ਰਾਣੀਪੇਟ ਅਤੇ ਤਿਰੂਵੰਨਮਲਾਈ ਜ਼ਿਲ੍ਹਿਆਂ ਵਿੱਚ ਨਾਗਰਿਕ ਸੰਸਥਾਵਾਂ ਨੇ ਗੁਆਂਢੀ ਤਿਰੂਪਤੂਰ ਜ਼ਿਲ੍ਹੇ ਵਿੱਚ ਇੱਕ ਤਿੰਨ ਸਾਲ ਦੇ ਲੜਕੇ ‘ਤੇ ਹਾਲ ਹੀ ਵਿੱਚ ਹੋਏ ਹਮਲੇ ਤੋਂ ਬਾਅਦ ਅਵਾਰਾ ਕੁੱਤਿਆਂ ਦਾ ਵੱਡੇ ਪੱਧਰ ‘ਤੇ ਟੀਕਾਕਰਨ ਅਤੇ ਨਸਬੰਦੀ ਤੇਜ਼ ਕਰ ਦਿੱਤੀ ਹੈ।ਇਸ ਮੁਹਿੰਮ ਦਾ ਉਦੇਸ਼ ਮਨੁੱਖੀ ਉਪਾਵਾਂ ਰਾਹੀਂ ਅਵਾਰਾ ਕੁੱਤਿਆਂ ਦੀ ਆਬਾਦੀ ਨੂੰ ਕੰਟਰੋਲ ਕਰਦੇ ਹੋਏ ਜਨਤਕ ਸੁਰੱਖਿਆ ਨੂੰ ਬਿਹਤਰ ਬਣਾਉਣਾ ਹੈ। ਕੁਝ ਦਿਨ ਪਹਿਲਾਂ ਵਾਨਿਆਮਬਾੜੀ ਕਸਬੇ ਵਿੱਚ ਤਿੰਨ ਸਾਲਾ ਐਨ. ਰਿਥਵਿਕ ‘ਤੇ ਉਸਦੇ ਘਰ ਦੇ ਬਾਹਰ ਖੇਡਦੇ ਸਮੇਂ ਅਵਾਰਾ ਕੁੱਤਿਆਂ ਦੇ ਇੱਕ ਸਮੂਹ ਦੁਆਰਾ ਹਮਲਾ ਕੀਤੇ ਜਾਣ ਦੀ ਰਿਪੋਰਟ ਤੋਂ ਬਾਅਦ ਇਹ ਨਵੀਂ ਮੁਹਿੰਮ ਤੇਜ਼ ਹੋ ਗਈ।

ਘਟਨਾ ਦੀ ਸੀਸੀਟੀਵੀ ਫੁਟੇਜ ਸੋਸ਼ਲ ਮੀਡੀਆ ‘ਤੇ ਵਾਇਰਲ ਹੋ ਗਈ, ਜਿਸ ਨਾਲ ਵਿਆਪਕ ਜਨਤਕ ਚਿੰਤਾ ਪੈਦਾ ਹੋ ਗਈ ਅਤੇ ਸਥਾਨਕ ਪ੍ਰਸ਼ਾਸਨ ਨੂੰ ਚੱਲ ਰਹੇ ਜਾਨਵਰਾਂ ਦੇ ਜਨਮ ਨਿਯੰਤਰਣ ਅਤੇ ਟੀਕਾਕਰਨ ਪ੍ਰੋਗਰਾਮਾਂ ਨੂੰ ਮਜ਼ਬੂਤ ਕਰਨ ਲਈ ਪ੍ਰੇਰਿਤ ਕੀਤਾ ਗਿਆ।ਨਿਵਾਸੀਆਂ ਨੇ ਤੇਜ਼ ਮੁਹਿੰਮ ਦਾ ਸਵਾਗਤ ਕਰਦੇ ਹੋਏ ਕਿਹਾ ਹੈ ਕਿ ਨਿਰੰਤਰ ਟੀਕਾਕਰਨ ਅਤੇ ਨਸਬੰਦੀ ਹੌਲੀ-ਹੌਲੀ ਅਵਾਰਾ ਕੁੱਤਿਆਂ ਦੀ ਆਬਾਦੀ ਨੂੰ ਘਟਾਏਗੀ ਅਤੇ ਰਿਹਾਇਸ਼ੀ ਇਲਾਕੇ ਬੱਚਿਆਂ ਅਤੇ ਬਜ਼ੁਰਗਾਂ ਲਈ ਸੁਰੱਖਿਅਤ ਬਣਾ ਦੇਵੇਗੀ।

ਇਹ ਪ੍ਰੋਗਰਾਮ ਪਸ਼ੂ ਪਾਲਣ ਵਿਭਾਗ, ਤਾਮਿਲਨਾਡੂ ਪਸ਼ੂ ਭਲਾਈ ਬੋਰਡ ਅਤੇ ਗੈਰ-ਸਰਕਾਰੀ ਸੰਗਠਨਾਂ ਦੁਆਰਾ ਸਾਂਝੇ ਤੌਰ ‘ਤੇ ਲਾਗੂ ਕੀਤਾ ਜਾ ਰਿਹਾ ਹੈ। ਵੈਲੋਰ ਅਤੇ ਤਿਰੂਵੰਨਮਲਾਈ ਕਾਰਪੋਰੇਸ਼ਨਾਂ ਸਮੇਤ ਪ੍ਰਮੁੱਖ ਸ਼ਹਿਰੀ ਸਥਾਨਕ ਸੰਸਥਾਵਾਂ ਪਿਛਲੇ ਮਹੀਨੇ ਤੋਂ ਹਰ ਸ਼ਨੀਵਾਰ ਨੂੰ ਹਫਤਾਵਾਰੀ ਟੀਕਾਕਰਨ ਅਤੇ ਨਸਬੰਦੀ ਕੈਂਪ ਲਗਾ ਰਹੀਆਂ ਹਨ।

ਅਧਿਕਾਰੀਆਂ ਨੇ ਇਸ ਮੁਹਿੰਮ ਨੂੰ ਪਸ਼ੂਆਂ ਲਈ ਚੱਲ ਰਹੇ ਪੈਰ ਅਤੇ ਮੂੰਹ ਦੀ ਬਿਮਾਰੀ ਟੀਕਾਕਰਨ ਪ੍ਰੋਗਰਾਮ ਨਾਲ ਵੀ ਜੋੜਿਆ ਹੈ, ਜੋ ਕਿ 1 ਅਗਸਤ ਨੂੰ ਸਮਾਪਤ ਹੋਣ ਵਾਲਾ ਹੈ। ਕਵਰੇਜ ਨੂੰ ਵੱਧ ਤੋਂ ਵੱਧ ਕਰਨ ਅਤੇ ਮਨੁੱਖੀ ਸ਼ਕਤੀ ਦੀ ਕੁਸ਼ਲ ਵਰਤੋਂ ਨੂੰ ਯਕੀਨੀ ਬਣਾਉਣ ਲਈ ਦੋਵੇਂ ਮੁਹਿੰਮਾਂ ਨੂੰ ਇੱਕੋ ਸਮੇਂ ਚਲਾਉਣ ਲਈ ਪਸ਼ੂਆਂ ਦੇ ਡਾਕਟਰਾਂ ਨੂੰ ਤਾਇਨਾਤ ਕੀਤਾ ਗਿਆ ਹੈ।ਅਧਿਕਾਰਤ ਅੰਕੜਿਆਂ ਅਨੁਸਾਰ, ਵੈਲੋਰ ਜ਼ਿਲ੍ਹੇ ਵਿੱਚ ਅੰਦਾਜ਼ਨ 45,829 ਕਮਿਊਨਿਟੀ ਕੁੱਤੇ ਹਨ, ਜਿਨ੍ਹਾਂ ਵਿੱਚੋਂ ਵੈਲੋਰ ਕਾਰਪੋਰੇਸ਼ਨ ਕੋਲ 27,102 ਹਨ। ਪਰਨੰਬਟ ਵਿੱਚ 2,188 ਕੁੱਤੇ ਹਨ, ਜਦੋਂ ਕਿ ਗੁਡੀਆਥਮ ਵਿੱਚ 1,973 ਹਨ। 25 ਜੁਲਾਈ ਤੱਕ, ਜ਼ਿਲ੍ਹੇ ਭਰ ਵਿੱਚ ਕੁੱਲ 15,641 ਕੁੱਤਿਆਂ ਦਾ ਟੀਕਾਕਰਨ ਕੀਤਾ ਗਿਆ ਸੀ, ਜਿਸ ਵਿੱਚ ਵੈਲੋਰ ਕਾਰਪੋਰੇਸ਼ਨ ਦੀਆਂ ਸੀਮਾਵਾਂ ਦੇ ਅੰਦਰ 7,496 ਸ਼ਾਮਲ ਹਨ।ਤਿਰੂਵੰਨਮਲਾਈ ਵਿੱਚ, ਜਿੱਥੇ ਹਰ ਰੋਜ਼ ਔਸਤਨ 1.5 ਲੱਖ ਸ਼ਰਧਾਲੂ ਅਰੁਣਾਚਲੇਸ਼ਵਰ ਮੰਦਰ ਜਾਂਦੇ ਹਨ, ਅਧਿਕਾਰੀਆਂ ਨੇ ਸਕੂਲਾਂ, ਹਸਪਤਾਲਾਂ ਅਤੇ ਹੋਰ ਜਨਤਕ ਥਾਵਾਂ ਦੇ ਨੇੜੇ ਪਾਏ ਜਾਣ ਵਾਲੇ ਕੁੱਤਿਆਂ ਦੇ ਟੀਕਾਕਰਨ ਨੂੰ ਤਰਜੀਹ ਦਿੱਤੀ ਹੈ। ਸ਼ਹਿਰ ਦੇ ਅੰਦਾਜ਼ਨ 5,175 ਭਾਈਚਾਰਕ ਕੁੱਤਿਆਂ ਵਿੱਚੋਂ, 4,000 ਤੋਂ ਵੱਧ ਦਾ ਪਹਿਲਾਂ ਹੀ ਟੀਕਾਕਰਨ ਕੀਤਾ ਜਾ ਚੁੱਕਾ ਹੈ।ਨਿਗਮ ਨਸਬੰਦੀ ਦੇ ਯਤਨਾਂ ਨੂੰ ਮਜ਼ਬੂਤ ਕਰਨ ਅਤੇ ਅਵਾਰਾ ਕੁੱਤਿਆਂ ਦੀ ਆਬਾਦੀ ਦੇ ਲੰਬੇ ਸਮੇਂ ਦੇ ਪ੍ਰਬੰਧਨ ਨੂੰ ਬਿਹਤਰ ਬਣਾਉਣ ਲਈ 64 ਲੱਖ ਰੁਪਏ ਦੀ ਲਾਗਤ ਨਾਲ ਆਪਣਾ ਪਹਿਲਾ ਸਮਰਪਿਤ ਪਸ਼ੂ ਜਨਮ ਨਿਯੰਤਰਣ (ਏਬੀਸੀ) ਕੇਂਦਰ ਵੀ ਬਣਾ ਰਿਹਾ ਹੈ।ਗੁਆਂਢੀ ਰਾਣੀਪੇਟ ਜ਼ਿਲ੍ਹੇ ਵਿੱਚ, ਰਾਣੀਪੇਟ, ਸ਼ੋਲਿੰਗੁਰ, ਵਾਲਾਜਾਹ, ਆਰਕੋਟ, ਅਰਕੋਨਮ ਅਤੇ ਮੇਲਵਿਸ਼ਰਮ ਸਮੇਤ ਪ੍ਰਮੁੱਖ ਕਸਬਿਆਂ ਵਿੱਚ ਲਗਭਗ 12,000 ਅਵਾਰਾ ਕੁੱਤਿਆਂ ਦੀ ਪਛਾਣ ਕੀਤੀ ਗਈ ਹੈ। ਇਕੱਲੇ ਰਾਣੀਪੇਟ ਸ਼ਹਿਰ ਵਿੱਚ 5,787 ਕੁੱਤੇ ਹਨ। ਅਧਿਕਾਰੀਆਂ ਨੇ ਕਿਹਾ ਕਿ ਜ਼ਿਲ੍ਹੇ ਦੇ ਪਛਾਣੇ ਗਏ ਅਵਾਰਾ ਕੁੱਤਿਆਂ ਵਿੱਚੋਂ 60 ਪ੍ਰਤੀਸ਼ਤ ਤੋਂ ਵੱਧ ਪਹਿਲਾਂ ਹੀ ਟੀਕਾਕਰਨ ਕੀਤੇ ਜਾ ਚੁੱਕੇ ਹਨ ਕਿਉਂਕਿ ਇਹ ਮੁਹਿੰਮ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਜਾਰੀ ਹੈ।


Punjabi Cultural Society of Tracy
19th Annual Tracy Teeyan
Sunday, August 2, 2026
Time 10:00Am to 06:00Pm
I.P.F.E.S. Portuguese Hall of Tracy,
400 W 9th St. Tracy, CA
With Punjabi famous singer
KULWINDER BILLA
ਇਲਾਕੇ ਦੀਆਂ ਸਮੂਹ ਪੰਜਾਬੀ ਮੁਟਿਆਰਾਂ ਵੱਲੋਂ
ਗਿੱਧਾ, ਭੰਗੜਾ, ਬੋਲੀਆਂ ਪਾ ਪੇਸ਼ ਕੀਤੀਆਂ ਜਾਣਗੀਆਂ
ਵੱਖ-ਵੱਖ ਸੱਭਿਆਚਾਰਕ ਵੰਨਗੀਆ ਤੇ ਦਿਲ ਖਿੱਚਵੇਂ ਰੰਗਾਂ -ਰੰਗ ਪ੍ਰੋਗਰਾਮ।
ਲੱਗਣਗੇ ਹਾਰ- ਸ਼ਿੰਗਾਰ ਤੇ ਵੱਖੋ-ਵੱਖਰੇ ਖਾਣ ਪੀਣ ਦੇ ਸਟਾਲ !
TICKET
$10 TICKET
Kids under 5 free
Doors will close at 2 pm
Hosted by
Asha Sharma
FOR SPONSORSHIP AND PARTICIPATION
PLEASE CONTACT
Tajinder Muhar (209) 640-9521
Rani Kahlon
(ਸਟਾਲ ਸਾਰੇ ਬੁੱਕ ਹੋ ਚੁੱਕੇ ਨੇ) ਸਟੇਜ ਪਰਫਾਰਮੈਂਸ ਕਰਨ ਲਈ ਸੰਪਰਕ ਕਰੋ
ਵਧੇਰੇ ਜਾਣਕਾਰੀ ਲਈ ਕਾਲ ਕਰੋ : Tajinder Muhar (209) 640-9521


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ IMMIGRATION SERVICES ਲਈ
TONY ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU** **SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.

## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

# ਮਿਸ਼ੀਗਨ ਵਿੱਚ ਅੱਗ ਲੱਗਣ ਕਾਰਨ 6 ਬੱਚਿਆਂ ਸਮੇਤ 8 ਮੌਤਾਂ ਮ੍ਰਿਤਕਾਂ ਦੇ ਗੋਲੀਆਂ ਦੇ ਜ਼ਖਮ ਮਿਲਣ ਕਾਰਨ ਮਾਮਲਾ ਸ਼ੱਕ ਦੇ ਘੇਰੇ ’ਚ

**ਸੈਕਰਾਮੈਂਟੋ**
**ਹੁਸਨ ਲੜੋਆ ਬੰਗਾ**

ਮਿਸ਼ੀਗਨ ਦੇ ਗ੍ਰੈਂਡ ਹੈਵਨ ਇਲਾਕੇ ’ਚ ਇਕ ਘਰ ਵਿਚ ਅੱਗ ਲੱਗ ਜਾਣ ਦੇ ਸਿੱਟੇ ਵਜੋਂ 6 ਬੱਚਿਆਂ ਸਮੇਤ 8 ਵਿਅਕਤੀਆਂ ਦੀ ਮੌਤ ਹੋ ਜਾਣ ਦੀ ਖਬਰ ਹੈਂ ਸੂਚਨਾ ਮਿਲਣ ’ਤੇ ਮੌਕੇ ਉਪਰ ਪੱਜੇ ਫਾਇਰਫਾਈਟਰਾਂ ਨੇ ਅੱਗ ਉਪਰ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਪਰੰਤੂ ਓਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ ਤੇ ਘਰ ਵਿਚ ਮੌਜੂਦ 8 ਲੋਕ ਦਮ ਤੋੜ ਚੁੱਕੇ ਸਨਙ ਇਹ ਜਾਣਕਾਰੀ ਓਟਾਵਾ ਕਾਉਂਟੀ ਸ਼ੈਰਿਫ਼ ਦੇ ਦਫ਼ਤਰ ਦੇ ਕੈਪਟਨ ਜੇਕ ਸਪਾਰਕਸ ਨੇ ਮੀਡੀਆ ਨੂੰ ਦਿੰਦਿਆਂ ਦੱਸਿਆ ਕਿ ਕੁਝ ਪੀੜਤਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ ਅਤੇ ਅਜਿਹਾ ਲੱਗਦਾ ਹੈ ਕਿ ਅੱਗ ਜਾਣਬੁੱਝ ਕੇ ਲਗਾਈ ਗਈ ਹੈਙ ਇਹ ਇਕ ਗੰਝਲਦਾਰ ਮਾਮਲਾ ਹੈ ਜਿਸ ਦੀ ਮੁਕੰਮਲ ਜਾਂਚ ਉਪਰੰਤ ਹੀ ਅਸਲ ਕਹਾਣੀ ਸਾਹਮਣੇ ਆਵੇਗੀਙ

ਉਨਾਂ ਕਿਹਾ ਕਿ ਘਰ ਦੇ ਅੰਦਰ ਮਿਲੇ ਮ੍ਰਿਤਕ ਬੱਚਿਆਂ ਦੀ ਉਮਰ 5 ਤੋਂ 15 ਸਾਲ ਦੇ ਵਿਚਕਾਰ ਹੈਙ ਮਿਸ਼ੀਗਨ ਸਟੇਟ ਪੁਲਿਸ ਅੱਗਜ਼ਨੀ ਜਾਂਚਕਰਤਾ ਵੀ ਮੌਕੇ ਉਪਰ ਪੁੱਜੇ ਹਨ ਙ

ਪਲਿਸ ਅਨੁਸਾਰ ਜਾਂਚਕਰਤਾ ਇਸ ਗੱਲ ਦੀ ਜਾਂਚ ਕਰ ਰਹੇ ਹਨ ਕਿ ਇਹ ਘਟਨਾ ਕਤਲ ਜਾਂ ਆਤਮ ਹੱਤਿਆ ਹੋ ਸਕਦੀ ਹੈ ਅਤੇ ਉਮੀਦ ਹੈ ਕਿ ਛੇਤੀ ਹੀ ਇਸ ਸਬੰਧੀ ਨਤੀਜੇ ’ਤੇ ਪਹੁੰਚਿਆ ਜਾਵੇਗਾਙ ਪੁਲਿਸ ਨੇ ਪੀੜਤਾਂ ਦੇ ਨਾਂ ਜਨਤਿਕ ਨਹੀਂ ਕੀਤੇ ਹਨ।

# ਪੈਰਿਸ ’ਚ ਇੱਕ ਵਿਅਕਤੀ ਨੇ ਤਿੰਨ ਔਰਤਾਂ ਨੂੰ ਮਾਰਿਆ ਚਾਕੂ, ਕਿਹਾ ‘ਅੱਲ੍ਹਾ ਨੇ ਮੈਨੂੰ ਦਿੱਤਾ ਸੀ ਹੁਕਮ’

**ਪੈਰਿਸ**
**ਸਾਂਝੀ ਸੋਚ ਬਿਊਰੋ**




ਫਰਾਂਸ ਦੀ ਰਾਜਧਾਨੀ ਪੈਰਿਸ ਵਿੱਚ ਸੋਮਵਾਰ ਸਵੇਰੇ ਇੱਕ ਚਾਕੂ ਹਮਲੇ ਦੌਰਾਨ ਤਿੰਨ ਔਰਤਾਂ ਜ਼ਖਮੀ ਹੋ ਗਈਆਂ, ਜਿਨ੍ਹਾਂ ਵਿੱਚੋਂ ਦੋ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਇਹ ਹਮਲਾ ਸਥਾਨਕ ਸਮੇਂ ਅਨੁਸਾਰ ਸਵੇਰੇ ਕਰੀਬ 11:30 ਵਜੇ ਉੱਤਰ-ਪੱਛਮੀ ਪੈਰਿਸ ਵਿੱਚ ਵਾਪਰਿਆ, ਜਿੱਥੇ ਦੋ ਰਸੋਈ ਵਾਲੇ ਚਾਕੂਆਂ ਨਾਲ ਲੈਸ ਇੱਕ ਵਿਅਕਤੀ ਨੇ ਸੜਕ ‘ਤੇ ਰਾਹਗੀਰਾਂ ‘ਤੇ ਹਮਲਾ ਕਰ ਦਿੱਤਾ।ਫਰਾਂਸ ਦੇ ਗ੍ਰਹਿ ਮੰਤਰੀ Laurent Nuñez ਨੇ ਦੱਸਿਆ ਕਿ ਮੌਕੇ ‘ਤੇ ਮੌਜੂਦ ਇੱਕ ਆਫ-ਡਿਊਟੀ ਪੁਲਿਸ ਅਧਿਕਾਰੀ ਨੇ ਤੁਰੰਤ ਕਾਰਵਾਈ ਕਰਦੇ ਹੋਏ ਸ਼ੱਕੀ ਨੂੰ ਕਾਬੂ ਕਰ ਲਿਆ।

ਉਨ੍ਹਾਂ ਕਿਹਾ ਕਿ ਇਸ ਹਮਲੇ ਦੇ ਪਿੱਛੇ ਦੇ ਮਕਸਦ ਬਾਰੇ ਇਸ ਵੇਲੇ ਕੋਈ ਜਲਦਬਾਜ਼ੀ ਵਿੱਚ ਨਤੀਜਾ ਨਹੀਂ ਕੱਢਣਾ ਚਾਹੀਦਾ ਅਤੇ ਜਾਂਚ ਜਾਰੀ ਹੈ।ਫਰਾਂਸੀਸੀ ਮੀਡੀਆ ਮੁਤਾਬਕ, ਜ਼ਖਮੀਆਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਇਸ ਘਟਨਾ ਦੀ ਨਿਗਰਾਨੀ ਫਰਾਂਸ ਦਾ ਰਾਸ਼ਟਰੀ ਅੱਤਵਾਦ ਵਿਰੋਧੀ ਵਕੀਲ ਦਫ਼ਤਰ ਵੀ ਕਰ ਰਿਹਾ ਹੈ ਅਤੇ ਜਾਂਚ ਦੌਰਾਨ ਸਾਰੇ ਪਹਿਲੂਆਂ ਨੂੰ ਧਿਆਨ ਵਿੱਚ ਰੱਖਿਆ ਜਾ ਰਿਹਾ ਹੈ।

ਇਸ ਦੌਰਾਨ, ਘਟਨਾ ਨਾਲ ਸੰਬੰਧਿਤ ਕਈ ਵੀਡੀਓ ਸੋਸ਼ਲ ਮੀਡੀਆ ‘ਤੇ ਸਾਹਮਣੇ ਆਏ ਹਨ। ਇੱਕ ਵੀਡੀਓ ਵਿੱਚ ਸ਼ੱਕੀ ਨੂੰ ਕਾਬੂ ਕੀਤੇ ਜਾਣ ਦੌਰਾਨ ਧਾਰਮਿਕ ਬਿਆਨ ਦਿੰਦੇ ਹੋਏ ਸੁਣਿਆ ਜਾ ਸਕਦਾ ਹੈ, ਕਿ “ਉਸ ਨੂੰ ਇਹ ਹੁਕਮ ਅੱਲ੍ਹਾ ਨੇ ਦਿੱਤਾ ਸੀ।” ਹਾਲਾਂਕਿ, ਅਧਿਕਾਰੀਆਂ ਨੇ ਅਜੇ ਤੱਕ ਇਸ ਘਟਨਾ ਨੂੰ ਅੱਤਵਾਦੀ ਹਮਲਾ ਕਰਾਰ ਨਹੀਂ ਦਿੱਤਾ ਹੈ ਅਤੇ ਮਾਮਲੇ ਦੀ ਜਾਂਚ ਜਾਰੀ ਹੈ।

# ਭਾਰਤੀ ਮੂਲ ਦੇ ਡਾ.ਅਮੀਸ਼ ਸ਼ਾਹ ਨੇ ਡੈਮੋਕਰੈਟਿਕ ਉਮੀਦਵਾਰ ਵਜੋਂ ਪ੍ਰਾਇਮਰੀ ਚੋਣ ਜਿੱਤੀ

**ਸੈਕਰਾਮੈਂਟੋ**
**ਹੁਸਨ ਲੜੋਆ ਬੰਗਾ**



ਡਾਕਟਰ ਅਤੇ ਐਰੀਜ਼ੋਨਾ ਰਾਜ ਦੇ ਸਾਬਕਾ ਪ੍ਰਤੀਨਿਧੀ ਭਾਰਤੀ ਮੂਲ ਦੇ ਡਾ. ਅਮੀਸ਼ ਸ਼ਾਹ ਨੇ ਐਰੀਜ਼ੋਨਾ ਦੇ ਪਹਿਲੇ ਕਾਂਗਰਸ ਜ਼ਿਲੇ ਲਈ ਡੈਮੋਕ੍ਰੇਟਿਕ ਨਾਮਜ਼ਦਗੀ ਚੋਣ ਜਿੱਤ ਲਈ ਹੈਙ ਹੁਣ ਸ਼ਾਹ ਦਾ ਮੁਕਾਬਲਾ ਰਿਪਬਲਿਕਨ ਉਮੀਦਵਾਰ ਜੈ ਫੀਲੀ, ਜੋ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਸਮਰਥਤ ਸਾਬਕਾ ਨੈਸ਼ਨਲ ਫੁੱਟਬਾਲ ਲੀਗ ਕਿਕਰ ਹੈ, ਨਾਲ ਨਵੰਬਰ ਵਿੱਚ ਹੋਵੇਗਾਙ ਸ਼ਾਹ ਦੀ ਜਿੱਤ ਇਸ ਲਈ ਅਹਿਮ ਹੈ ਕਿਉਂਕਿ ਉਸ ਨੇ ਸਾਬਕਾ ਟੈਲੀਵਿਜ਼ਨ ਪੱਤਰਕਾਰ ਮਾਰਲੀਨ ਗੈਲਨ-ਵੁੱਡਸ ਨੂੰ ਹਰਾਇਆ।

ਜਿਸ ਨੂੰ ਐਰੀਜ਼ੋਨਾ ਡੈਮੋਕ੍ਰੇਟਿਕ ਨੇਤਾਵਾਂ, ਜਿਨਾਂ ਵਿੱਚ ਸੈਨੇਟਰ ਮਾਰਕ ਕੈਲੀ ਵੀ ਸ਼ਾਮਲ ਹੈ ਅਤੇ ਡੈਮੋਕ੍ਰੇਟਿਕ ਕਾਂਗਰੇਸ਼ਨਲ ਮੁਹਿੰਮ ਕਮੇਟੀ ਦਾ ਸਮਰਥਨ ਵੀ ਪ੍ਰਾਪਤ ਸੀ, ਜੋ ਕਿ ਆਮ ਤੌਰ ’ਤੇ ਡੈਮੋਕ੍ਰੇਟਿਕ ਪ੍ਰਾਇਮਰੀ ਚੋਣ ਵਿੱਚ ਘੱਟ ਹੀ ਦਖਲ ਦਿੰਦੀ ਹੈਙ ਆਪਣੀ ਜਿੱਤ ਤੋਂ ਬਾਅਦ ਸ਼ਾਹ ਨੇ ਕਿਹਾ ਕਿ ‘‘ਮੈਂ ਹਮੇਸ਼ਾ ਇੱਕ ਮਿਹਨਤੀ, ਜ਼ਮੀਨੀ ਪੱਧਰ ’ਤੇ ਉਮੀਦਵਾਰ ਹੋਣ ’ਤੇ ਮਾਣ ਕੀਤਾ ਹੈਙ ਇਸ ਪ੍ਰਾਇਮਰੀ ਚੋਣ ਵਿੱਚ ਸਾਡੀ ਜਿੱਤ ਇੱਕ ਜ਼ਮੀਨੀ ਪੱਧਰ ’ਤੇ ਹੋਈ ਜਿੱਤ ਹੈ ਜਿੱਥੇ ਐਰੀਜ਼ੋਨਾ ਦੇ ਵੋਟਰਾਂ ਨੇ ਆਪਣੀ ਆਵਾਜ਼ ਨੂੰ ਪਛਾਣਿਆ ਹੈਙ’’

# ਵਿਕਟੋਰੀਆ ਦੀ ਪ੍ਰੀਮੀਅਰ Jacinta Allan ਦਾ ਅਸਤੀਫ਼ਾ, Ben Carroll ਬਣੇ ਨਵੇਂ ਪ੍ਰੀਮੀਅਰ

**ਅੰਮ੍ਰਿਤਸਰ**
**ਸਾਂਝੀ ਸੋਚ ਬਿਊਰੋ**





ਵਿਕਟੋਰੀਆ ਦੀ ਪ੍ਰੀਮੀਅਰ ਜੈਕਿੰਟਾ ਐਲਨ ਨੇ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਨੇ ਮੰਗਲਵਾਰ ਸਵੇਰੇ ਪਾਰਟੀ ਰੂਮ ਮੀਟਿੰਗ ਤੋਂ ਥੋੜ੍ਹੀ ਦੇਰ ਪਹਿਲਾਂ ਆਪਣੇ ਅਸਤੀਫੇ ਦਾ ਐਲਾਨ ਕੀਤਾ। ਇਹ ਅਸਤੀਫ਼ਾ ਉਸ ਵੇਲੇ ਆਇਆ ਜਦੋਂ ਲੇਬਰ ਪਾਰਟੀ ‘ਚ ਉਨ੍ਹਾਂ ਦੀ ਲੀਡਰਸ਼ਿਪ ਨੂੰ ਚੁਣੌਤੀ ਮਿਲ ਰਹੀ ਸੀ। ਦਰਅਸਲ ਜੈਕਿੰਟਾ ਐਲਨ ਨੂੰ ਪਿਛਲੇ ਕੁਝ ਦਿਨਾਂ ਤੋਂ ਸਰਕਾਰੀ ਉਸਾਰੀ ਪ੍ਰੋਜੈਕਟਾਂ ਵਿੱਚ ਕਥਿਤ ਭ੍ਰਿਸ਼ਟਾਚਾਰ ਅਤੇ ਇਸ ਮਾਮਲੇ ਨੂੰ ਸੰਭਾਲਣ ਨੂੰ ਲੈ ਕੇ ਵਧਦੇ ਸਿਆਸੀ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਆਖ਼ਰਕਾਰ ਉਹ ਆਪਣੀ ਪਾਰਟੀ ਦਾ ਹੀ ਸਮਰਥਨ ਗੁਆ ਬੈਠੀ।ਮੰਗਲਵਾਰ ਸਵੇਰੇ ਜੈਕਿੰਟਾ ਐਲਨ ਦੇ ਅਸਤੀਫ਼ੇ ਤੋਂ ਬਾਅਦ ਪੈਦਾ ਹੋਏ ਸਿਆਸੀ ਘਟਨਾਕ੍ਰਮ ਤੋਂ ਬਾਅਦ ਬੇਨ ਕੈਰੋਲ ਨੇ ਵਿਕਟੋਰੀਆ ਦੇ ਨਵੇਂ ਪ੍ਰੀਮੀਅਰ ਵਜੋਂ ਸਹੁੰ ਚੁੱਕ ਲਈ ਹੈ। ਸਹੁੰ ਚੁੱਕਣ ਤੋਂ ਬਾਅਦ ਕੀਤੀ ਪਹਿਲੀ ਪ੍ਰੈਸ ਕਾਨਫਰੰਸ ਵਿੱਚ ਬੇਨ ਕੈਰੋਲ ਨੇ ਉਸਾਰੀ ਖੇਤਰ ਵਿੱਚ ਕਥਿਤ ਭ੍ਰਿਸ਼ਟਾਚਾਰ ਅਤੇ ਅਪਰਾਧਿਕ ਘੁਸਪੈਠ ਦੀ ਜਾਂਚ ਲਈ ਰੌਇਲ ਕਮਿਸ਼ਨ ਬਣਾਉਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਵਿੱਚ “ਇਮਾਨਦਾਰੀ ਕੋਈ ਵਿਕਲਪ ਨਹੀਂ, ਸਗੋਂ ਲਾਜ਼ਮੀ ਹੋਵੇਗੀ।” ਨਵੇਂ ਪ੍ਰੀਮੀਅਰ ਬੇਨ ਕੈਰੋਲ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਸਰਕਾਰ ਪਾਰਦਰਸ਼ਤਾ, ਜਵਾਬਦੇਹੀ ਅਤੇ ਭ੍ਰਿਸ਼ਟਾਚਾਰ ਵਿਰੁੱਧ ਸਖ਼ਤ ਰਵੱਈਆ ਅਪਣਾਏਗੀ।ਜੈਕਿੰਟਾ ਐਲਨ ਨੇ ਅੱਜ ਸਵੇਰੇ ਵਿਕਟੋਰੀਆ ਦੀ ਪ੍ਰੀਮੀਅਰ ਦੇ ਅਹੁਦੇ ਤੋਂ ਅਧਿਕਾਰਤ ਤੌਰ ‘ਤੇ ਅਸਤੀਫਾ ਦੇ ਦਿੱਤਾ ਹੈ। ਮੀਡੀਆ ਨੂੰ ਆਪਣੇ ਸੰਬੋਧਨ ਵਿੱਚ, ਉਸਨੇ ਔਰਤਾਂ ਦੀ ਸਿਹਤ ਸੰਭਾਲ ਨੂੰ ਬਿਹਤਰ ਬਣਾਉਣ ਲਈ ਆਪਣੇ ਕੰਮ ਬਾਰੇ ਗੱਲ ਕੀਤੀ ਅਤੇ ਹੋਰ ਔਰਤਾਂ ਨੂੰ ਰਾਜਨੀਤੀ ਵਿੱਚ ਆਉਣ ਲਈ ਉਤਸ਼ਾਹਿਤ ਕੀਤਾ। ਇਸ ਦੌਰਾਨ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਵਿਕਟੋਰੀਆ ਦੀ ਦੂਜੀ ਲੇਡੀ ਪ੍ਰੀਮੀਅਰ ਬਣਨ ‘ਤੇ ਮਾਣ ਹੈ।




WE HAVE THE CHEAPEST FARES TO INDIA
LEGEND TRAVEL
arc accredited agency
CST # 207524-40
Special Fares To India From West-coast (us) On Air India Direct Flights
AIR INDIA
JATINDER SINGH
LOWEST AIRFARES FROM USA TO INDIA
★Travel Insurance ★ Great last Minute Deals ★ Offices in India
ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।
CALL US
(510) 797-9010
USA OFFICE: 2450 PERALTA BLVD., STE 106-108,
FREMONT CA 94536 PH.: 510-797-9010
Website: www.legendamerica.net
Emirates
CATHAY PACIFIC
ASIANA AIRLINES
JET AIRWAYS
CHINA AIRLINES
BRITISH AIRWAYS
SINGAPORE AIRLINES
Lufthansa
ANA


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551

# ਅਮਰੀਕੀ ਅਦਾਲਤ ਵੱਲੋਂ ਟਰੰਪ ਦੇ ਫੈਡਰਲ ਵੋਟਰ ਲਿਸਟ ਵਾਲੇ ਹੁਕਮ 'ਤੇ ਰੋਕ ਬਰਕਰਾਰ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਦੀ ਪਹਿਲੀ ਸਰਕਟ ਕੋਰਟ ਆਫ ਅਪੀਲਜ਼ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਕਾਰਜਕਾਰੀ ਹੁਕਮ 'ਤੇ ਲੱਗੀ ਰੋਕ ਨੂੰ ਬਰਕਰਾਰ ਰੱਖਿਆ ਹੈ, ਜਿਸ ਦਾ ਮਕਸਦ ਇੱਕ ਫੈਡਰਲ ਯੋਗ ਵੋਟਰ ਸੂਚੀ ਤਿਆਰ ਕਰਨਾ ਅਤੇ ਡਾਕ ਰਾਹੀਂ ਭੇਜੇ ਜਾਣ ਵਾਲੇ ਬੈਲਟ ਸਿਰਫ਼ ਉਸ ਸੂਚੀ ਵਿਚ ਦਰਜ ਲੋਕਾਂ ਤੱਕ ਹੀ ਸੀਮਿਤ ਕਰਨਾ ਸੀ।

ਟਰੰਪ ਪ੍ਰਸ਼ਾਸਨ ਨੇ ਮਾਰਚ ਵਿਚ ਜਾਰੀ ਕੀਤੇ ਹੁਕਮ ਤਹਿਤ ਯੂ.ਐੱਸ.ਸੀ.ਆਈ.ਐੱਸ. ਅਤੇ ਸੋਸ਼ਲ ਸਕਿਓਰਿਟੀ ਐਡਮਿਨਿਸਟ੍ਰੇਸ਼ਨ ਨੂੰ ਯੋਗ ਵੋਟਰਾਂ ਦੀ ਨਾਗਰਿਕਤਾ-ਅਧਾਰਿਤ ਸੂਚੀ ਤਿਆਰ ਕਰਨ ਲਈ ਕਿਹਾ ਸੀ। ਇਸ ਦੇ ਨਾਲ ਹੀ ਯੂ.ਐੱਸ. ਪੋਸਟਲ ਸਰਵਿਸ ਨੂੰ ਸਿਰਫ਼ ਉਸ ਸੂਚੀ ਵਿਚ ਸ਼ਾਮਲ ਲੋਕਾਂ ਤੱਕ ਹੀ ਮੇਲ-ਇਨ ਬੈਲਟ ਪਹੁੰਚਾਉਣ ਦੇ ਨਿਰਦੇਸ਼ ਦਿੱਤੇ ਗਏ ਸਨ।



ਪ੍ਰਸ਼ਾਸਨ ਦਾ ਕਹਿਣਾ ਸੀ ਕਿ ਇਹ ਕਦਮ ਗੈਰ-ਅਮਰੀਕੀ ਨਾਗਰਿਕਾਂ ਵੱਲੋਂ ਵੋਟਿੰਗ ਨੂੰ ਰੋਕਣ ਲਈ ਚੁੱਕਿਆ ਗਿਆ ਹੈ।

ਦੂਜੇ ਪਾਸੇ, 23 ਰਾਜਾਂ ਅਤੇ ਵਾਸ਼ਿੰਗਟਨ ਡੀ.ਸੀ. ਨੇ ਇਸ ਹੁਕਮ ਨੂੰ ਚੁਣੌਤੀ ਦਿੰਦਿਆਂ ਦਲੀਲ ਦਿੱਤੀ ਕਿ ਚੋਣ ਨਿਯਮ ਬਣਾਉਣ ਦਾ ਅਧਿਕਾਰ ਸੰਵਿਧਾਨ ਅਨੁਸਾਰ ਰਾਜਾਂ ਅਤੇ ਕਾਂਗਰਸ ਕੋਲ ਹੈ, ਨਾ ਕਿ ਰਾਸ਼ਟਰਪਤੀ ਕੋਲ। ਬੋਸਟਨ ਦੀ ਫੈਡਰਲ ਜੱਜ ਇੰਦਿਰਾ ਤਲਵਾਨੀ ਨੇ ਪਹਿਲਾਂ ਹੀ ਇਸ ਹੁਕਮ ਨੂੰ ਇਨ੍ਹਾਂ ਰਾਜਾਂ ਵਿਚ ਲਾਗੂ ਕਰਨ ਤੋਂ ਰੋਕ ਦਿੱਤਾ ਸੀ ਅਤੇ ਹੁਣ ਅਪੀਲੀ ਅਦਾਲਤ ਨੇ ਵੀ ਉਸ ਫ਼ੈਸਲੇ ਨੂੰ ਕਾਇਮ ਰੱਖਿਆ ਹੈ।

ਅਮਰੀਕੀ ਨਿਆਂ ਵਿਭਾਗ (ਡੀ.ਓ.ਜੇ.) ਨੇ ਕਿਹਾ ਹੈ ਕਿ ਉਹ ਅਦਾਲਤੀ ਫ਼ੈਸਲੇ ਤੋਂ ਬਾਅਦ ਅਗਲੇ ਕਾਨੂੰਨੀ ਕਦਮਾਂ 'ਤੇ ਵਿਚਾਰ ਕਰ ਰਿਹਾ ਹੈ ਅਤੇ ਉਸ ਨੂੰ ਭਰੋਸਾ ਹੈ ਕਿ ਆਖ਼ਿਰਕਾਰ ਟਰੰਪ ਦੇ ਕਾਰਜਕਾਰੀ ਹੁਕਮ ਨੂੰ ਕਾਨੂੰਨੀ ਮਨਜ਼ੂਰੀ ਮਿਲੇਗੀ। ਇਹ ਮਾਮਲਾ ਅੱਗੇ ਜਾ ਕੇ ਅਮਰੀਕੀ ਸੁਪਰੀਮ ਕੋਰਟ ਤੱਕ ਵੀ ਪਹੁੰਚ ਸਕਦਾ ਹੈ।

# ਟਰੰਪ ਪ੍ਰਸ਼ਾਸਨ ਵੱਲੋਂ ਅਮਰੀਕੀ ਨਾਗਰਿਕਤਾ ਰੱਦ ਕਰਨ ਦੀ ਮੁਹਿੰਮ ਤੇਜ਼

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਟਰੰਪ ਪ੍ਰਸ਼ਾਸਨ ਨੇ ਅਮਰੀਕੀ ਨਾਗਰਿਕਤਾ (ਡੀਨੈਚੁਰਲਾਈਜ਼ੇਸ਼ਨ) ਰੱਦ ਕਰਨ ਦੀ ਕਾਰਵਾਈ ਨੂੰ ਆਪਣੀ ਇਮੀਗ੍ਰੇਸ਼ਨ ਨੀਤੀ ਦਾ ਇੱਕ ਵੱਡਾ ਹਿੱਸਾ ਬਣਾਉਂਦੇ ਹੋਏ ਇਸ ਨੂੰ ਪਹਿਲਾਂ ਨਾਲੋਂ ਕਈ ਗੁਣਾ ਤੇਜ਼ ਕਰਨ ਦਾ ਐਲਾਨ ਕੀਤਾ ਹੈ। ਨਿਆਂ ਵਿਭਾਗ (ਡੀ.ਓ.ਜੇ.) ਅਨੁਸਾਰ, 2025 ਦੀ ਸ਼ੁਰੂਆਤ ਤੋਂ ਹੁਣ ਤੱਕ ਕਰੀਬ 89 ਨਾਗਰਿਕਤਾ ਰੱਦ ਕਰਨ ਦੇ ਕੇਸ ਫੈਡਰਲ ਅਦਾਲਤਾਂ ਵਿਚ ਦਾਇਰ ਕੀਤੇ ਜਾ ਚੁੱਕੇ ਹਨ ਅਤੇ ਅਕਤੂਬਰ ਤੱਕ ਘੱਟੋ-ਘੱਟ 250 ਕੇਸ ਦਾਇਰ ਕਰਨ ਦਾ ਟੀਚਾ ਰੱਖਿਆ ਗਿਆ ਹੈ।

ਅਮਰੀਕੀ ਕਾਨੂੰਨ ਅਨੁਸਾਰ, ਜੇ ਕੋਈ ਵਿਅਕਤੀ ਧੋਖਾਧੜੀ, ਝੂਠੀ ਜਾਣਕਾਰੀ, ਜਾਅਲੀ ਪਹਿਚਾਣ ਜਾਂ ਗੰਭੀਰ ਅਪਰਾਧਿਕ ਰਿਕਾਰਡ ਲੁਕਾ ਕੇ ਅਮਰੀਕੀ ਨਾਗਰਿਕ ਬਣਿਆ ਹੋਵੇ, ਤਾਂ ਸਰਕਾਰ ਅਦਾਲਤ ਕੋਲ ਉਸ ਦੀ ਨਾਗਰਿਕਤਾ ਰੱਦ ਕਰਨ ਦੀ ਅਰਜ਼ੀ ਦੇ ਸਕਦੀ ਹੈ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਸ ਮੁਹਿੰਮ ਦਾ ਨਿਸ਼ਾਨਾ ਸਿਰਫ਼ ਉਹ ਲੋਕ ਹਨ, ਜਿਨ੍ਹਾਂ ਨੇ ਧੋਖੇ ਨਾਲ ਨਾਗਰਿਕਤਾ ਹਾਸਲ ਕੀਤੀ ਸੀ ਅਤੇ ਇਸ ਨਾਲ ਨੈਚੁਰਲਾਈਜ਼ੇਸ਼ਨ ਪ੍ਰਕਿਰਿਆ ਦੀ ਭਰੋਸੇਯੋਗਤਾ ਕਾਇਮ ਰਹੇਗੀ।




ਦਾਇਰ ਕੀਤੇ ਗਏ ਕੇਸਾਂ ਵਿਚ ਜ਼ਿਆਦਾਤਰ ਦੋਸ਼ ਸੈਕਸੁਅਲ ਅਪਰਾਧ, ਵਾਇਰ ਫਰਾਡ, ਨਸ਼ਾ ਤਸਕਰੀ, ਜਾਅਲੀ ਪਹਿਚਾਣ, ਜੰਗੀ ਅਪਰਾਧਾਂ ਜਾਂ ਅਲਕਾਇਦਾ ਅਤੇ ਅਲ-ਸ਼ਬਾਬ ਵਰਗੀਆਂ ਅੱਤਵਾਦੀ ਸੰਸਥਾਵਾਂ ਨਾਲ ਸੰਬੰਧ ਵਰਗੇ ਗੰਭੀਰ ਮਾਮਲਿਆਂ ਨਾਲ ਜੁੜੇ ਹਨ। ਹੁਣ ਤੱਕ ਸਰਕਾਰ ਨੂੰ ਇਨ੍ਹਾਂ ਵਿਚੋਂ ਘੱਟੋ-ਘੱਟ 19 ਕੇਸਾਂ ਵਿਚ ਸਫਲਤਾ ਵੀ ਮਿਲ ਚੁੱਕੀ ਹੈ।

ਵ੍ਹਾਈਟ ਹਾਊਸ ਨੇ ਇਸ ਮੁਹਿੰਮ ਨੂੰ ਅਮਰੀਕੀ ਇਤਿਹਾਸ ਦੀ ਸਭ ਤੋਂ ਵੱਡੀ ਨਾਗਰਿਕਤਾ ਰੱਦ ਮੁਹਿੰਮ ਕਰਾਰ ਦਿੱਤਾ ਹੈ। ਇਸ ਲਈ ਨਿਆਂ ਵਿਭਾਗ ਦੀ ਸਿਵਲ ਡਿਵੀਜ਼ਨ ਨੂੰ ਖ਼ਾਸ ਤੌਰ 'ਤੇ ਵਧੇਰੇ ਸਰੋਤ ਦਿੱਤੇ ਗਏ ਹਨ ਅਤੇ ਦੇਸ਼ ਭਰ ਦੇ ਯੂ.ਐੱਸ. ਅਟਾਰਨੀ ਦਫ਼ਤਰਾਂ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਗਿਆ ਹੈ।

ਹਾਲਾਂਕਿ, ਕਈ ਸਾਬਕਾ ਨਿਆਂ ਵਿਭਾਗ ਦੇ ਅਧਿਕਾਰੀਆਂ ਅਤੇ ਇਮੀਗ੍ਰੇਸ਼ਨ ਕਾਨੂੰਨ ਦੇ ਮਾਹਿਰਾਂ ਨੇ ਚਿੰਤਾ ਜਤਾਈ ਹੈ ਕਿ ਇਹ ਪ੍ਰਕਿਰਿਆ ਬਹੁਤ ਲੰਬੀ, ਮਹਿੰਗੀ ਅਤੇ ਜਟਿਲ ਹੁੰਦੀ ਹੈ ਅਤੇ ਇਸ ਨਾਲ ਸਰਕਾਰ ਦੇ ਹੋਰ ਮਹੱਤਵਪੂਰਨ ਕਾਨੂੰਨੀ ਮਾਮਲਿਆਂ ਤੋਂ ਸਰੋਤ ਹਟ ਸਕਦੇ ਹਨ।

ਕੁਝ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨਾਲ 2.6 ਕਰੋੜ ਤੋਂ ਵੱਧ ਨੈਚੁਰਲਾਈਜ਼ਡ ਅਮਰੀਕੀ ਨਾਗਰਿਕਾਂ ਵਿਚ ਡਰ ਦਾ ਮਾਹੌਲ ਵੀ ਪੈਦਾ ਹੋ ਸਕਦਾ ਹੈ।

ਇਤਿਹਾਸਕ ਤੌਰ 'ਤੇ ਅਮਰੀਕਾ ਵਿਚ ਨਾਗਰਿਕਤਾ ਰੱਦ ਕਰਨ ਦੇ ਕੇਸ ਬਹੁਤ ਘੱਟ ਹੁੰਦੇ ਰਹੇ ਹਨ ਅਤੇ ਆਮ ਤੌਰ 'ਤੇ ਸਿਰਫ਼ ਧੋਖਾਧੜੀ ਜਾਂ ਜਾਣਬੁੱਝ ਕੇ ਗਲਤ ਜਾਣਕਾਰੀ ਦੇਣ ਵਾਲੇ ਮਾਮਲਿਆਂ ਤੱਕ ਸੀਮਿਤ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਭਾਵੇਂ ਟਰੰਪ ਪ੍ਰਸ਼ਾਸਨ ਵੱਡੀ ਗਿਣਤੀ ਵਿਚ ਕੇਸ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਹਰ ਕੇਸ ਵਿਚ ਅੰਤਿਮ ਫ਼ੈਸਲਾ ਫੈਡਰਲ ਅਦਾਲਤਾਂ ਵੱਲੋਂ ਸਬੂਤਾਂ ਦੇ ਆਧਾਰ 'ਤੇ ਹੀ ਕੀਤਾ ਜਾਵੇਗਾ ਅਤੇ ਕਿਸੇ ਦੀ ਨਾਗਰਿਕਤਾ ਕਾਨੂੰਨੀ ਪ੍ਰਕਿਰਿਆ ਤੋਂ ਬਿਨਾਂ ਰੱਦ ਨਹੀਂ ਕੀਤੀ ਜਾ ਸਕਦੀ।

# ਆਸਟ੍ਰੇਲੀਆ: ਭਾਰਤੀ ਹਵਾਈ ਸੈਨਾ 'ਐਕਸਰਸਾਈਜ਼ ਪਿੱਚ ਬਲੈਕ' ਵਿੱਚ ਸਰਗਰਮੀ ਨਾਲ ਸ਼ਾਮਲ

ਡਾਰਵਿਨ
ਸਾਂਝੀ ਸੋਚ ਬਿਊਰੋ

ਭਾਰਤੀ ਹਵਾਈ ਸੈਨਾ ਨੇ ਮੰਗਲਵਾਰ ਨੂੰ ਕਿਹਾ ਕਿ ਉਸਦੀ ਟੁਕੜੀ ਆਸਟ੍ਰੇਲੀਆ ਦੇ ਡਾਰਵਿਨ ਵਿੱਚ ਰਾਇਲ ਆਸਟ੍ਰੇਲੀਅਨ ਏਅਰ ਫੋਰਸ (ਆਰਏਏਐਫ) ਅਤੇ 20 ਦੇਸ਼ਾਂ ਦੀਆਂ ਹਵਾਈ ਸੈਨਾਵਾਂ ਦੇ ਨਾਲ ਅਭਿਆਸ ਪਿੱਚ ਬਲੈਕ 2026 ਵਿੱਚ ਸਰਗਰਮੀ ਨਾਲ ਸ਼ਾਮਲ ਹੈ।ਐਕਸਰਸਾਈਜ਼ ਪਿੱਚ ਬਲੈਕ 2026 ਇੱਕ ਦੋ-ਸਾਲਾ ਬਹੁ-ਰਾਸ਼ਟਰੀ ਹਵਾਈ ਲੜਾਈ ਅਭਿਆਸ ਹੈ ਜੋ ਚੋਟੀ ਦੇ ਦੇਸ਼ਾਂ ਦੀਆਂ ਹਵਾਈ ਸੈਨਾਵਾਂ ਨੂੰ ਇਕੱਠਾ ਕਰਦਾ ਹੈ ਅਤੇ ਸੰਚਾਲਨ ਸਹਿਯੋਗ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਅੰਤਰ-ਕਾਰਜਸ਼ੀਲਤਾ ਨੂੰ ਵਧਾਉਣ ਦਾ ਇੱਕ ਵਿਲੱਖਣ ਮੌਕਾ ਪ੍ਰਦਾਨ ਕਰਦਾ ਹੈ।"ਭਾਰਤੀ ਹਵਾਈ ਸੈਨਾ ਟੁਕੜੀ ਰਾਇਲ ਆਸਟ੍ਰੇਲੀਅਨ ਏਅਰ ਫੋਰਸ ਅਤੇ 20 ਦੇਸ਼ਾਂ ਦੀਆਂ ਹਵਾਈ ਸੈਨਾਵਾਂ ਦੇ ਨਾਲ ਐਕਸਰਸਾਈਜ਼ ਪਿੱਚ ਬਲੈਕ 2026 ਵਿੱਚ ਸਰਗਰਮੀ ਨਾਲ ਸ਼ਾਮਲ ਹੈ," ਆਈਏਐਫ ਨੇ ਐਕਸ 'ਤੇ ਕਿਹਾ।"ਡਾਰਵਿਨ ਦੇ ਪ੍ਰਤੀਕ ਮਿੰਡਿਲ ਬੀਚ ਉੱਤੇ ਇੱਕ ਸ਼ਾਨਦਾਰ ਰਾਫੇਲ ਫਲਾਈਪਾਸਟ ਨੇ ਅਭਿਆਸ ਦੀ ਸ਼ੁਰੂਆਤ ਨੂੰ ਦਰਸਾਇਆ। ਆਈਏਐਫ ਟੁਕੜੀ ਨੇ ਬਹੁ-ਰਾਸ਼ਟਰੀ ਫੁੱਟਬਾਲ ਟੂਰਨਾਮੈਂਟ ਵਿੱਚ ਸੋਨ ਤਮਗਾ ਵੀ ਜਿੱਤਿਆ। ਪਿਛਲੇ ਹਫ਼ਤੇ, ਭਾਰਤੀ ਟੁਕੜੀ ਨੇ ਡਾਰਵਿਨ ਵਿਖੇ ਅਭਿਆਸ ਪਿੱਚ ਬਲੈਕ 2026 ਦੇ ਉਦਘਾਟਨੀ ਸਮਾਰੋਹ ਦੌਰਾਨ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨਾਲ ਮੁਲਾਕਾਤ ਕੀਤੀ।"ਸਮੁੰਦਰੀ ਤਲ ਤੋਂ ਅਸਮਾਨ ਤੱਕ ਭਾਰਤ-ਆਸਟ੍ਰੇਲੀਆ ਰੱਖਿਆ ਸਬੰਧ ਮਹਿਮਾ ਨਾਲ ਅਸਮਾਨ ਨੂੰ ਛੂਹਣ ਲਈ ਤਿਆਰ ਹਨ! ਸਾਡੀ ਭਾਰਤੀ ਹਵਾਈ ਸੈਨਾ ਦੀ ਟੁਕੜੀ ਨੂੰ ਡਾਰਵਿਨ ਵਿਖੇ ਅਭਿਆਸ ਪਿੱਚ ਬਲੈਕ 2026 ਦੇ ਉਦਘਾਟਨੀ ਸਮਾਰੋਹ ਦੌਰਾਨ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨਾਲ ਗੱਲਬਾਤ ਕਰਨ ਦਾ ਸਨਮਾਨ ਮਿਲਿਆ," ਆਸਟ੍ਰੇਲੀਆ ਵਿੱਚ ਭਾਰਤੀ ਹਾਈ ਕਮਿਸ਼ਨ ਨੇ ਐਕਸ 'ਤੇ ਪੋਸਟ ਕੀਤਾ।"ਆਈਏਐਫ ਦੇ ਲਗਭਗ 100 ਹਵਾਈ ਯੋਧਿਆਂ ਦੇ ਨਾਲ ਚਾਰ ਰਾਫੇਲ ਜਹਾਜ਼ ਆਸਟ੍ਰੇਲੀਆ ਦੁਆਰਾ ਆਯੋਜਿਤ ਦੱਖਣੀ ਗੋਲਿਸਫਾਇਰ ਵਿੱਚ ਸਭ ਤੋਂ ਵੱਡੇ ਅੰਤਰਰਾਸ਼ਟਰੀ ਹਵਾਈ ਲੜਾਈ ਅਭਿਆਸ, ਪਿੱਚ ਬਲੈਕ 2026 ਵਿੱਚ 20 ਹੋਰ ਦੇਸ਼ਾਂ ਦੇ ਭਾਗੀਦਾਰਾਂ ਦੇ ਨਾਲ ਆਪਣੇ ਹਵਾਈ ਲੜਾਈ ਦੇ ਹੁਨਰ ਨੂੰ ਨਿਖਾਰ ਰਹੇ ਹਨ," ਇਸ ਵਿੱਚ ਅੱਗੇ ਕਿਹਾ ਗਿਆ ਹੈ।ਇਸ ਤੋਂ ਪਹਿਲਾਂ 17 ਜੁਲਾਈ ਨੂੰ, ਆਈਏਐਫ ਦੀ ਟੁਕੜੀ ਅਭਿਆਸ ਪਿੱਚ ਬਲੈਕ 2026 ਲਈ ਆਸਟ੍ਰੇਲੀਆ ਪਹੁੰਚੀ ਸੀ। ਭਾਰਤੀ ਹਵਾਈ ਸੈਨਾ ਦੁਆਰਾ ਜਾਰੀ ਬਿਆਨ ਦੇ ਅਨੁਸਾਰ, ਇਹ ਅਭਿਆਸ ਕਾਰਜਸ਼ੀਲ ਤਾਲਮੇਲ ਨੂੰ ਤੇਜ਼ ਕਰੇਗਾ ਅਤੇ ਵਧੀਆ ਅਭਿਆਸਾਂ ਦੇ ਆਦਾਨ-ਪ੍ਰਦਾਨ ਨੂੰ ਸੁਵਿਧਾਜਨਕ ਬਣਾਏਗਾ।20 ਜੁਲਾਈ ਤੋਂ 07 ਅਗਸਤ ਤੱਕ ਆਯੋਜਿਤ ਕੀਤਾ ਜਾ ਰਿਹਾ, ਐਕਸਰਸਾਈਜ਼ ਪਿੱਚ ਬਲੈਕ 2026 ਆਰਏਐਫਐਫ ਦਾ ਪ੍ਰਮੁੱਖ ਦੋ-ਸਾਲਾ ਬਹੁ-ਰਾਸ਼ਟਰੀ ਹਵਾਈ ਲੜਾਈ ਅਭਿਆਸ ਹੈ। ਇਸ ਅਭਿਆਸ ਦਾ ਨਾਮ ਉੱਤਰੀ ਆਸਟ੍ਰੇਲੀਆ ਦੇ ਵਿਸ਼ਾਲ ਗੈਰ-ਆਬਾਦੀ ਵਾਲੇ ਖੇਤਰਾਂ ਉੱਤੇ ਰਾਤ ਨੂੰ ਉਡਾਣ ਭਰਨ 'ਤੇ ਜ਼ੋਰ ਦੇਣ ਤੋਂ ਲਿਆ ਗਿਆ ਹੈ।



**ਰੱਬਾ ਇੰਨ੍ਹੇ ਜੋਗਾ ਕਰਦੇ ਕਿ ਲੋਕ ਕਹਿਣ ਇੰਨ੍ਹੇ ਜੋਗਾ ਕਿੱਥੇ ਸੀ...**

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# TAKE CONTROL OF YOUR HEALTH!

PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841 +1-917-915-4142
FREMONT, CA
3155 KEARNEY ST, SUITE #248, FREMONT, CA 94538 +1-510-657-6444
NEW YORK, NY
108-14 JAMAICA AVENUE, RICHMOND HILL, NY 11418 +1-718-533-8444
FRESNO, CA
1625 E SHAW AVE #122, FRESNO, CA 93711 +1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820 +1-732-453-6699
LOS ANGELES, CA
1013 N BEGONIA AVE, ONTARIO, CA 91762 +1-917-915-4142
CONTACT
+1-917-915-4142
Jaspreetsinghlaoffice@gmail.com

# ਆਰਕੈਸਟਰਾ ਦੀ ਦੁਨੀਆ ਚਮਕ, ਚੁਣੌਤੀਆਂ ਅਤੇ ਸੰਘਰਸ਼

ਜਦੋਂ ਵੀ ਕਿਸੇ ਵਿਆਹ, ਮੇਲੇ, ਧਾਰਮਿਕ ਸਮਾਗਮ ਜਾਂ ਸੱਭਿਆਚਾਰਕ ਪ੍ਰੋਗਰਾਮ ਵਿੱਚ ਆਰਕੈਸਟਰਾ ਦਾ ਸ਼ੋਅ ਹੁੰਦਾ ਹੈ, ਤਾਂ ਰੰਗ-ਬਿਰੰਗੀਆਂ ਲਾਈਟਾਂ, ਉੱਚਾ ਸੰਗੀਤ, ਮਨਮੋਹਕ ਨਾਚ ਅਤੇ ਦਰਸ਼ਕਾਂ ਦੀਆਂ ਤਾੜੀਆਂ ਇੱਕ ਅਜਿਹਾ ਮਾਹੌਲ ਬਣਾਉਂਦੀਆਂ ਹਨ ਜੋ ਹਰ ਕਿਸੇ ਨੂੰ ਆਕਰਸ਼ਿਤ ਕਰ ਲੈਂਦਾ ਹੈ। ਮੰਚ ਉੱਤੇ ਪੇਸ਼ਕਾਰੀ ਕਰਦੇ ਕਲਾਕਾਰਾਂ ਨੂੰ ਦੇਖ ਕੇ ਅਕਸਰ ਇਹ ਲੱਗਦਾ ਹੈ ਕਿ ਉਨ੍ਹਾਂ ਦੀ ਜ਼ਿੰਦਗੀ ਵੀ ਇਸੇ ਤਰ੍ਹਾਂ ਰੰਗਾਂ ਅਤੇ ਖੁਸ਼ੀਆਂ ਨਾਲ ਭਰੀ ਹੋਵੇਗੀ। ਪਰ ਹਕੀਕਤ ਇਸ ਤੋਂ ਕਾਫ਼ੀ ਵੱਖਰੀ ਹੈ। ਮੰਚ ਦੀ ਚਮਕ-ਦਮਕ ਦੇ ਪਿੱਛੇ ਸਖ਼ਤ ਮਿਹਨਤ, ਅਣਗਿਣਤ ਚੁਣੌਤੀਆਂ ਅਤੇ ਲਗਾਤਾਰ ਸੰਘਰਸ਼ ਦੀ ਇੱਕ ਅਜਿਹੀ ਕਹਾਣੀ ਲੁਕੀ ਹੋਈ ਹੈ, ਜਿਸ ਤੋਂ ਬਹੁਤ ਸਾਰੇ ਲੋਕ ਅਣਜਾਣ ਹਨ।ਆਰਕੈਸਟਰਾ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਹਜ਼ਾਰਾਂ ਗਾਇਕਾਂ, ਨਾਚ ਕਲਾਕਾਰਾਂ, ਸੰਗੀਤਕਾਰਾਂ, ਸਾਜ਼ਿੰਦਿਆਂ, ਸਾਊਂਡ ਟੈਕਨੀਸ਼ੀਅਨਾਂ, ਲਾਈਟਿੰਗ ਕਰਮਚਾਰੀਆਂ, ਸਟੇਜ ਮੈਨੇਜਰਾਂ ਅਤੇ ਹੋਰ ਕਈ ਸਹਾਇਕ ਕਰਮਚਾਰੀਆਂ ਦੀ ਰੋਜ਼ੀ-ਰੋਟੀ ਦਾ ਮੁੱਖ ਆਧਾਰ ਵੀ ਹੈ। ਖ਼ਾਸ ਕਰਕੇ ਛੋਟੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਇਹ ਕਈ ਪ੍ਰਤਿਭਾਸ਼ਾਲੀ ਨੌਜਵਾਨਾਂ ਲਈ ਰੁਜ਼ਗਾਰ ਦਾ ਇੱਕ ਮਹੱਤਵਪੂਰਨ ਸਰੋਤ ਹੈ।

ਮੰਚ ਦੀ ਚਮਕ ਅਤੇ ਅਸਲ ਜ਼ਿੰਦਗੀ

ਦਰਸ਼ਕ ਮੰਚ ਉੱਤੇ ਸਿਰਫ਼ ਮੁਸਕਰਾਉਂਦੇ ਚਿਹਰੇ ਅਤੇ ਸ਼ਾਨਦਾਰ ਪ੍ਰਦਰਸ਼ਨ ਹੀ ਦੇਖਦੇ ਹਨ। ਪਰ ਇਸ ਮੁਸਕਰਾਹਟ ਦੇ ਪਿੱਛੇ ਲੰਬੀਆਂ ਰਿਹਰਸਲਾਂ, ਥਕਾਵਟ ਭਰੇ ਸਫ਼ਰ, ਆਰਥਿਕ ਚਿੰਤਾਵਾਂ ਅਤੇ ਨਿੱਜੀ ਮੁਸ਼ਕਲਾਂ ਲੁਕੀਆਂ ਹੁੰਦੀਆਂ ਹਨ। ਕਈ ਕਲਾਕਾਰ ਆਪਣੇ ਪਰਿਵਾਰਾਂ ਤੋਂ ਦਿਨਾਂ ਜਾਂ ਹਫ਼ਤਿਆਂ ਲਈ ਦੂਰ ਰਹਿੰਦੇ ਹਨ ਅਤੇ ਇੱਕ ਸ਼ਹਿਰ ਤੋਂ ਦੂਜੇ ਸ਼ਹਿਰ ਤੱਕ ਲਗਾਤਾਰ ਯਾਤਰਾ ਕਰਦੇ ਹਨ।

ਕਈ ਵਾਰ ਉਹ ਆਪਣੀਆਂ ਸਿਹਤ ਸੰਬੰਧੀ ਸਮੱਸਿਆਵਾਂ ਜਾਂ ਪਰਿਵਾਰਕ ਚਿੰਤਾਵਾਂ ਨੂੰ ਪਿੱਛੇ ਛੱਡ ਕੇ ਸਿਰਫ਼ ਦਰਸ਼ਕਾਂ ਦੇ ਚਿਹਰਿਆਂ 'ਤੇ ਮੁਸਕਰਾਹਟ ਲਿਆਉਣ ਲਈ ਮੰਚ ਉੱਤੇ ਆਪਣੀ ਪੂਰੀ ਤਾਕਤ ਨਾਲ ਪ੍ਰਦਰਸ਼ਨ ਕਰਦੇ ਹਨ।

ਜਜ਼ਬੇ ਨਾਲ ਜੁੜਿਆ ਪੇਸ਼ਾ

ਬਹੁਤ ਸਾਰੇ ਆਰਕੈਸਟਰਾ ਕਲਾਕਾਰ ਇਸ ਖੇਤਰ ਵਿੱਚ ਸਿਰਫ਼ ਪੈਸੇ ਲਈ ਨਹੀਂ, ਸਗੋਂ ਸੰਗੀਤ ਅਤੇ ਨਾਚ ਪ੍ਰਤੀ ਆਪਣੇ ਡੂੰਘੇ ਪਿਆਰ ਕਰਕੇ ਆਉਂਦੇ ਹਨ। ਉਹ ਸਾਲਾਂ ਤੱਕ ਅਭਿਆਸ ਕਰਦੇ ਹਨ, ਨਵੇਂ ਗੀਤ ਸਿੱਖਦੇ ਹਨ, ਨਵੀਆਂ ਨਾਚ ਸ਼ੈਲੀਆਂ ਅਪਣਾਉਂਦੇ ਹਨ ਅਤੇ ਦਰਸ਼ਕਾਂ ਦੀ ਪਸੰਦ ਦੇ ਅਨੁਸਾਰ ਆਪਣੇ ਆਪ ਨੂੰ ਲਗਾਤਾਰ ਨਿਖਾਰਦੇ ਰਹਿੰਦੇ ਹਨ।

ਆਰਥਿਕ ਅਸਥਿਰਤਾ

ਇਸ ਖੇਤਰ ਦੀ ਸਭ ਤੋਂ ਵੱਡੀ ਸਮੱਸਿਆ ਨਿਯਮਿਤ ਆਮਦਨ ਦੀ ਘਾਟ ਹੈ। ਵਿਆਹਾਂ ਅਤੇ ਤਿਉਹਾਰਾਂ ਦੇ ਸੀਜ਼ਨ ਵਿੱਚ ਕੰਮ ਬਹੁਤ ਹੁੰਦਾ ਹੈ, ਪਰ ਬਾਕੀ ਮਹੀਨਿਆਂ ਵਿੱਚ ਪ੍ਰੋਗਰਾਮ ਘੱਟ ਹੋ ਜਾਂਦੇ ਹਨ। ਇਸ ਕਾਰਨ ਕਲਾਕਾਰਾਂ ਦੀ ਕਮਾਈ ਵਿੱਚ ਵੱਡਾ ਉਤਾਰ-ਚੜ੍ਹਾਅ ਆ ਜਾਂਦਾ ਹੈ।

ਕਈ ਵਾਰ ਮਿਹਨਤਾਨਾ ਦੇਰ ਨਾਲ ਮਿਲਦਾ ਹੈ ਜਾਂ ਤੈਅ ਕੀਤੀ ਰਕਮ ਵੀ ਪੂਰੀ ਨਹੀਂ ਮਿਲਦੀ। ਜ਼ਿਆਦਾਤਰ ਕਲਾਕਾਰਾਂ ਕੋਲ ਸਥਾਈ ਨੌਕਰੀ, ਪੈਨਸ਼ਨ, ਸਿਹਤ ਬੀਮਾ ਜਾਂ ਸਮਾਜਿਕ ਸੁਰੱਖਿਆ ਵਰਗੀਆਂ ਸਹੂਲਤਾਂ ਨਹੀਂ ਹੁੰਦੀਆਂ।

ਮਹਿਲਾ ਕਲਾਕਾਰਾਂ ਦੀਆਂ ਵਿਸ਼ੇਸ਼ ਚੁਣੌਤੀਆਂ

ਮਹਿਲਾ ਕਲਾਕਾਰ ਆਰਕੈਸਟਰਾ ਉਦਯੋਗ ਦਾ ਅਹਿਮ ਹਿੱਸਾ ਹਨ, ਪਰ ਉਨ੍ਹਾਂ ਨੂੰ ਕਈ ਵਾਧੂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਦੇਰ ਰਾਤ ਤੱਕ ਪ੍ਰੋਗਰਾਮ, ਲੰਬੀਆਂ ਯਾਤਰਾਵਾਂ ਅਤੇ ਅਣਜਾਣ ਥਾਵਾਂ 'ਤੇ ਕੰਮ ਕਰਨ ਕਾਰਨ ਸੁਰੱਖਿਆ ਇੱਕ ਮਹੱਤਵਪੂਰਨ ਮੁੱਦਾ ਬਣ ਜਾਂਦੀ ਹੈ।

ਇਸ ਤੋਂ ਇਲਾਵਾ, ਕੁਝ ਲੋਕ ਅਜੇ ਵੀ ਇਸ ਪੇਸ਼ੇ ਨੂੰ ਗਲਤ ਨਜ਼ਰੀਏ ਨਾਲ ਦੇਖਦੇ ਹਨ ਅਤੇ ਕਲਾਕਾਰਾਂ ਬਾਰੇ ਬਿਨਾਂ ਕਾਰਨ ਧਾਰਨਾਵਾਂ ਬਣਾ ਲੈਂਦੇ ਹਨ। ਇਹ ਸੋਚ ਬਦਲਣ ਦੀ ਲੋੜ ਹੈ। ਹਰ ਕਲਾਕਾਰ ਆਪਣੀ ਮਿਹਨਤ ਅਤੇ ਹੁਨਰ ਨਾਲ ਆਪਣੀ ਰੋਜ਼ੀ-ਰੋਟੀ ਕਮਾਉਂਦਾ ਹੈ ਅਤੇ ਉਹ ਪੂਰੇ ਸਨਮਾਨ ਦਾ ਹੱਕਦਾਰ ਹੈ।

ਸਰੀਰਕ ਅਤੇ ਮਾਨਸਿਕ ਦਬਾਅ

ਲਗਾਤਾਰ ਨਾਚਣਾ, ਭਾਰੀ ਪਹਿਰਾਵੇ ਪਹਿਨਣਾ, ਤਿੱਖੀਆਂ ਲਾਈਟਾਂ ਹੇਠ ਘੰਟਿਆਂ ਪ੍ਰਦਰਸ਼ਨ ਕਰਨਾ ਅਤੇ ਅਨਿਯਮਿਤ ਖਾਣ-ਪੀਣ ਦੀ ਆਦਤ ਸਰੀਰਕ ਸਿਹਤ ਉੱਤੇ ਪ੍ਰਭਾਵ ਪਾ ਸਕਦੀ ਹੈ।

ਇਸ ਤੋਂ ਇਲਾਵਾ, ਦਰਸ਼ਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨਾ, ਹਰ ਵਾਰ ਬਿਹਤਰ ਪ੍ਰਦਰਸ਼ਨ ਕਰਨਾ ਅਤੇ ਨਿੱਜੀ ਸਮੱਸਿਆਵਾਂ ਦੇ ਬਾਵਜੂਦ ਹਮੇਸ਼ਾ ਮੁਸਕਰਾਉਂਦੇ ਰਹਿਣਾ ਮਾਨਸਿਕ ਦਬਾਅ ਵੀ ਪੈਦਾ ਕਰਦਾ ਹੈ।

ਪਰਦੇ ਪਿੱਛੇ ਕੰਮ ਕਰਨ ਵਾਲੇ ਲੋਕ

ਕਿਸੇ ਵੀ ਸਫ਼ਲ ਆਰਕੈਸਟਰਾ ਪ੍ਰੋਗਰਾਮ ਦੇ ਪਿੱਛੇ ਸਿਰਫ਼ ਗਾਇਕ ਜਾਂ ਡਾਂਸਰ ਹੀ ਨਹੀਂ ਹੁੰਦੇ। ਸਾਊਂਡ ਇੰਜੀਨੀਅਰ, ਲਾਈਟਿੰਗ ਟੀਮ, ਸਾਜ਼ਿੰਦਿਆਂ, ਸਟੇਜ ਕਰਮਚਾਰੀਆਂ, ਡਰਾਈਵਰਾਂ, ਕਾਸਟਿਊਮ ਸਹਾਇਕਾਂ ਅਤੇ ਪ੍ਰਬੰਧਕਾਂ ਦੀ ਮਿਹਨਤ ਵੀ ਉਤਨੀ ਹੀ ਮਹੱਤਵਪੂਰਨ ਹੁੰਦੀ ਹੈ। ਇਨ੍ਹਾਂ ਦੇ ਯੋਗਦਾਨ ਤੋਂ ਬਿਨਾਂ ਕੋਈ ਵੀ ਪ੍ਰੋਗਰਾਮ ਸਫ਼ਲ ਨਹੀਂ ਹੋ ਸਕਦਾ।

ਤਕਨਾਲੋਜੀ ਨਾਲ ਬਦਲਦੀ ਦੁਨੀਆ

ਡਿਜ਼ੀਟਲ ਯੁੱਗ ਨੇ ਆਰਕੈਸਟਰਾ ਉਦਯੋਗ ਵਿੱਚ ਵੀ ਵੱਡੇ ਬਦਲਾਅ ਲਿਆਂਦੇ ਹਨ। ਸੋਸ਼ਲ ਮੀਡੀਆ ਰਾਹੀਂ ਕਲਾਕਾਰ ਆਪਣੀ ਪ੍ਰਤਿਭਾ ਨੂੰ ਦੁਨੀਆ ਸਾਹਮਣੇ ਰੱਖ ਸਕਦੇ ਹਨ। ਆਧੁਨਿਕ ਸਾਊਂਡ ਸਿਸਟਮ, ਐਲਈਡੀ ਲਾਈਟਾਂ ਅਤੇ ਡਿਜ਼ੀਟਲ ਪ੍ਰਚਾਰ ਨੇ ਪ੍ਰੋਗਰਾਮਾਂ ਦੀ ਗੁਣਵੱਤਾ ਵਧਾਈ ਹੈ।

ਪਰ ਇਸ ਨਾਲ ਮੁਕਾਬਲਾ ਵੀ ਵਧਿਆ ਹੈ। ਹੁਣ ਕਲਾਕਾਰਾਂ ਨੂੰ ਨਵੀਆਂ ਤਕਨੀਕਾਂ, ਨਵੇਂ ਗੀਤਾਂ ਅਤੇ ਬਦਲਦੇ ਰੁਝਾਨਾਂ ਨਾਲ ਆਪਣੇ ਆਪ ਨੂੰ ਲਗਾਤਾਰ ਅਪਡੇਟ ਰੱਖਣਾ ਪੈਂਦਾ ਹੈ।

ਕੀ ਬਦਲਾਅ ਲੋੜੀਂਦੇ ਹਨ?

ਆਰਕੈਸਟਰਾ ਨਾਲ ਜੁੜੇ ਕਲਾਕਾਰਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਕਈ ਕਦਮ ਚੁੱਕੇ ਜਾ ਸਕਦੇ ਹਨ

- ਸਮੇਂ ਸਿਰ ਅਤੇ ਉਚਿਤ ਮਿਹਨਤਾਨਾ ਯਕੀਨੀ ਬਣਾਇਆ ਜਾਵੇ।
- ਸੁਰੱਖਿਅਤ ਅਤੇ ਸਨਮਾਨਜਨਕ ਕਾਰਜ ਮਾਹੌਲ ਮੁਹੱਈਆ ਕਰਵਾਇਆ ਜਾਵੇ।
- ਸਿਹਤ ਬੀਮਾ ਅਤੇ ਸਮਾਜਿਕ ਸੁਰੱਖਿਆ ਯੋਜਨਾਵਾਂ ਦਾ ਲਾਭ ਦਿੱਤਾ ਜਾਵੇ।
- ਕਲਾਕਾਰਾਂ ਲਈ ਹੁਨਰ ਵਿਕਾਸ ਅਤੇ ਸਿਖਲਾਈ ਦੇ ਮੌਕੇ ਵਧਾਏ ਜਾਣ।
- ਲਿਖਤੀ ਸਮਝੌਤਿਆਂ ਅਤੇ ਮਜ਼ਦੂਰੀ ਅਧਿਕਾਰਾਂ ਨੂੰ ਉਤਸ਼ਾਹਿਤ ਕੀਤਾ ਜਾਵੇ।
- ਕੰਮ ਵਾਲੀ ਥਾਂ 'ਤੇ ਕਿਸੇ ਵੀ ਤਰ੍ਹਾਂ ਦੇ ਸ਼ੋਸ਼ਣ ਜਾਂ ਪਰੇਸ਼ਾਨੀ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਪ੍ਰਬੰਧ ਕੀਤੇ ਜਾਣ।

ਸਮਾਜ ਦੀ ਭੂਮਿਕਾ

ਕਲਾਕਾਰਾਂ ਨੂੰ ਸਿਰਫ਼ ਮਨੋਰੰਜਨ ਦਾ ਸਾਧਨ ਸਮਝਣਾ ਠੀਕ ਨਹੀਂ। ਉਹ ਵੀ ਸਾਡੇ ਸਮਾਜ ਦਾ ਮਹੱਤਵਪੂਰਨ ਹਿੱਸਾ ਹਨ, ਜਿਨ੍ਹਾਂ ਦੇ ਆਪਣੇ ਸੁਪਨੇ, ਪਰਿਵਾਰ ਅਤੇ ਜ਼ਿੰਮੇਵਾਰੀਆਂ ਹੁੰਦੀਆਂ ਹਨ। ਜਦੋਂ ਅਸੀਂ ਉਨ੍ਹਾਂ ਦੀ ਕਲਾ ਦੇ ਨਾਲ-ਨਾਲ ਉਨ੍ਹਾਂ ਦੀ ਇਨਸਾਨੀ ਇੱਜ਼ਤ ਦਾ ਵੀ ਸਨਮਾਨ ਕਰਾਂਗੇ, ਤਦੋਂ ਹੀ ਇੱਕ ਸੰਵੇਦਨਸ਼ੀਲ ਅਤੇ ਸੱਭਿਆਚਾਰਕ ਤੌਰ 'ਤੇ ਮਜ਼ਬੂਤ ਸਮਾਜ ਦਾ ਨਿਰਮਾਣ ਹੋਵੇਗਾ।

ਸਿੱਟਾ

ਆਰਕੈਸਟਰਾ ਦੀ ਦੁਨੀਆ ਅਸਲ ਵਿੱਚ ਚਮਕ, ਚੁਣੌਤੀਆਂ ਅਤੇ ਸੰਘਰਸ਼ ਦਾ ਸੁੰਦਰ ਪਰ ਜਟਿਲ ਮੇਲ ਹੈ। ਮੰਚ ਉੱਤੇ ਦਿਖਾਈ ਦੇਣ ਵਾਲੀ ਹਰ ਮੁਸਕਰਾਹਟ ਦੇ ਪਿੱਛੇ ਸਾਲਾਂ ਦੀ ਮਿਹਨਤ, ਲਗਨ, ਅਨੁਸ਼ਾਸਨ ਅਤੇ ਕਈ ਨਿੱਜੀ ਕੁਰਬਾਨੀਆਂ ਲੁਕੀਆਂ ਹੁੰਦੀਆਂ ਹਨ। ਸਾਨੂੰ ਇਨ੍ਹਾਂ ਕਲਾਕਾਰਾਂ ਨੂੰ ਸਿਰਫ਼ ਮਨੋਰੰਜਨ ਕਰਨ ਵਾਲੇ ਲੋਕਾਂ ਵਜੋਂ ਨਹੀਂ, ਸਗੋਂ ਆਪਣੀ ਕਲਾ ਅਤੇ ਮਿਹਨਤ ਨਾਲ ਸਮਾਜ ਦੀ ਸੱਭਿਆਚਾਰਕ ਵਿਰਾਸਤ ਨੂੰ ਜ਼ਿੰਦਾ ਰੱਖਣ ਵਾਲੇ ਸਨਮਾਨਯੋਗ ਪੇਸ਼ੇਵਰਾਂ ਵਜੋਂ ਦੇਖਣਾ ਚਾਹੀਦਾ ਹੈ। ਜਦੋਂ ਉਨ੍ਹਾਂ ਨੂੰ ਸੁਰੱਖਿਆ, ਇੱਜ਼ਤ ਅਤੇ ਆਰਥਿਕ ਸਥਿਰਤਾ ਮਿਲੇਗੀ, ਤਦੋਂ ਹੀ ਮੰਚ ਦੀ ਅਸਲ ਚਮਕ ਉਨ੍ਹਾਂ ਦੀ ਜ਼ਿੰਦਗੀ ਵਿੱਚ ਵੀ ਨਜ਼ਰ ਆਵੇਗੀ।






Punjabi Cultural Society of Tracy
19th Annual Tracy Teeyan
Sunday, August 2, 2026
Time 10:00Am to 06:00Pm
I.P.F.E.S. Portuguese Hall of Tracy,
400 W 9th St. Tracy, CA
With Punjabi famous singer
KULWINDER BILLA
ਇਲਾਕੇ ਦੀਆਂ ਸਮੂਹ ਪੰਜਾਬੀ ਮੁਟਿਆਰਾਂ ਵੱਲੋਂ
ਗਿੱਧਾ, ਭੰਗੜਾ, ਬੋਲੀਆਂ ਪਾ ਪੇਸ਼ ਕੀਤੀਆਂ ਜਾਣਗੀਆਂ
ਵੱਖ-ਵੱਖ ਸੱਭਿਆਚਾਰਕ ਵੰਨਗੀਆ ਤੇ ਦਿਲ ਖਿੱਚਵੇਂ ਰੰਗਾਂ -ਰੰਗ ਪ੍ਰੋਗਰਾਮ।
ਲੱਗਣਗੇ ਹਾਰ- ਸ਼ਿੰਗਾਰ ਤੇ ਵੱਖੋ-ਵੱਖਰੇ ਖਾਣ ਪੀਣ ਦੇ ਸਟਾਲ !
TICKET
$10 TICKET
Kids under 5 free
Doors will close at 2 pm
Hosted by
Asha Sharma
FOR SPONSORSHIP AND PARTICIPATION
PLEASE CONTACT
Tajinder Muhar (209) 640-9521
Rani Kahlon
(ਸਟਾਲ ਸਾਰੇ ਬੁੱਕ ਹੋ ਚੁੱਕੇ ਨੇ) ਸਟੇਜ ਪਰਫਾਰਮੈਂਸ ਕਰਨ ਲਈ ਸੰਪਰਕ ਕਰੋ
ਵਧੇਰੇ ਜਾਣਕਾਰੀ ਲਈ ਕਾਲ ਕਰੋ : Tajinder Muhar (209) 640-9521

ਡਤਾਈਵਰ ਵੀ ਜਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਇਸ!



# ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ **Traki** ਨਾਲ.

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ ਡੌਕੂਮੇਂਟ ਇਕੱਤਰ ਰੱਖੋ.

**ਇਨਵੌਇਸ ਬਣਾਓ**
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**
**3 ਦਿਨ ਦਾ ਮੁਫ਼ਤ TRIAL ਮਿਲੇਗਾ!**
ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਜ਼ਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

TRAKI
ਡਰਾਈਵਰ ਦਾ ਅਸਲੀ ਯਾਰ.


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330



SANJHI SOCH
ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

# ਲੋਕਤੰਤਰ ਵਿੱਚ ਵਿਰੋਧ ਦੀ ਅਹਿਮੀਅਤ

ਲੋਕਤੰਤਰ ਦੀ ਸਭ ਤੋਂ ਵੱਡੀ ਖ਼ੂਬਸੂਰਤੀ ਇਹ ਨਹੀਂ ਕਿ ਲੋਕ ਹਰ ਪੰਜ ਸਾਲ ਬਾਅਦ ਆਪਣੀ ਸਰਕਾਰ ਚੁਣ ਲੈਂਦੇ ਹਨ, ਸਗੋਂ ਇਹ ਹੈ ਕਿ ਉਹ ਸਰਕਾਰ ਬਣਨ ਤੋਂ ਬਾਅਦ ਵੀ ਉਸ ਤੋਂ ਸਵਾਲ ਪੁੱਛ ਸਕਦੇ ਹਨ। ਜੇ ਲੋਕਾਂ ਦੀ ਆਵਾਜ਼ ਸੁਣੀ ਨਾ ਜਾਵੇ, ਜੇ ਸਵਾਲਾਂ ਨੂੰ ਜੁਰਮ ਸਮਝਿਆ ਜਾਣ ਲੱਗੇ ਅਤੇ ਜੇ ਅਸਹਿਮਤੀ ਨੂੰ ਦੇਸ਼ ਵਿਰੋਧ ਦਾ ਨਾਮ ਦੇ ਦਿੱਤਾ ਜਾਵੇ, ਤਾਂ ਲੋਕਤੰਤਰ ਦਾ ਅਰਥ ਹੀ ਖ਼ਤਮ ਹੋ ਜਾਂਦਾ ਹੈ। ਇਸ ਲਈ ਲੋਕਤੰਤਰ ਵਿੱਚ ਵਿਰੋਧ ਕੋਈ ਰੁਕਾਵਟ ਨਹੀਂ, ਸਗੋਂ ਚੰਗੇ ਸ਼ਾਸਨ ਦੀ ਸਭ ਤੋਂ ਵੱਡੀ ਲੋੜ ਹੈ।

ਹਰ ਸਰਕਾਰ ਲੋਕਾਂ ਦੇ ਵੋਟਾਂ ਨਾਲ ਬਣਦੀ ਹੈ। ਇਸ ਕਰਕੇ ਉਹ ਲੋਕਾਂ ਪ੍ਰਤੀ ਜਵਾਬਦੇਹ ਵੀ ਹੁੰਦੀ ਹੈ। ਜਦੋਂ ਸਰਕਾਰ ਕੋਈ ਫ਼ੈਸਲਾ ਲੈਂਦੀ ਹੈ, ਤਾਂ ਉਸ ਦਾ ਅਸਰ ਸਮਾਜ ਦੇ ਵੱਖ-ਵੱਖ ਵਰਗਾਂ ’ਤੇ ਵੱਖਰੇ ਢੰਗ ਨਾਲ ਪੈਂਦਾ ਹੈ। ਕਈ ਵਾਰ ਅਜਿਹੇ ਫ਼ੈਸਲੇ ਲੋਕਾਂ ਦੇ ਹਿੱਤ ਵਿੱਚ ਹੁੰਦੇ ਹਨ ਅਤੇ ਕਈ ਵਾਰ ਉਨ੍ਹਾਂ ਨਾਲ ਮੁਸ਼ਕਲਾਂ ਵੀ ਪੈਦਾ ਹੋ ਜਾਂਦੀਆਂ ਹਨ।

ਅਜਿਹੇ ਸਮੇਂ ਜੇ ਲੋਕ, ਸਮਾਜਿਕ ਸੰਸਥਾਵਾਂ ਜਾਂ ਵਿਰੋਧੀ ਧਿਰ ਆਪਣੀ ਗੱਲ ਰੱਖਦੇ ਹਨ ਤਾਂ ਇਹ ਲੋਕਤੰਤਰ ਦੀ ਸਿਹਤਮੰਦ ਨਿਸ਼ਾਨੀ ਹੈ। ਇਸ ਨੂੰ ਦੁਸ਼ਮਣੀ ਨਹੀਂ, ਸਗੋਂ ਸੁਧਾਰ ਦਾ ਮੌਕਾ ਸਮਝਿਆ ਜਾਣਾ ਚਾਹੀਦਾ ਹੈ।

ਭਾਰਤ ਦਾ ਸੰਵਿਧਾਨ ਹਰ ਨਾਗਰਿਕ ਨੂੰ ਵਿਚਾਰ ਪ੍ਰਗਟ ਕਰਨ ਅਤੇ ਸ਼ਾਂਤੀਪੂਰਨ ਢੰਗ ਨਾਲ ਵਿਰੋਧ ਕਰਨ ਦਾ ਅਧਿਕਾਰ ਦਿੰਦਾ ਹੈ। ਇਹ ਅਧਿਕਾਰ ਕਿਸੇ ਸਰਕਾਰ ਦੀ ਮਿਹਰਬਾਨੀ ਨਹੀਂ, ਸਗੋਂ ਸੰਵਿਧਾਨ ਵੱਲੋਂ ਦਿੱਤਾ ਗਿਆ ਮੂਲ ਅਧਿਕਾਰ ਹੈ। ਇਤਿਹਾਸ ਗਵਾਹ ਹੈ ਕਿ ਦੇਸ਼ ਅਤੇ ਦੁਨੀਆ ਵਿੱਚ ਬਹੁਤ ਸਾਰੇ ਸਕਾਰਾਤਮਕ ਬਦਲਾਅ ਲੋਕਾਂ ਦੀ ਜਾਗਰੂਕਤਾ ਅਤੇ ਸ਼ਾਂਤੀਪੂਰਨ ਅੰਦੋਲਨਾਂ ਰਾਹੀਂ ਹੀ ਆਏ ਹਨ। ਜਦੋਂ ਲੋਕ ਆਪਣੀ ਗੱਲ ਦ੍ਰਿੜਤਾ ਨਾਲ ਰੱਖਦੇ ਹਨ, ਤਾਂ ਸਰਕਾਰਾਂ ਨੂੰ ਆਪਣੀਆਂ ਨੀਤੀਆਂ ’ਤੇ ਮੁੜ ਵਿਚਾਰ ਕਰਨਾ ਪੈਂਦਾ ਹੈ। ਇਹੀ ਲੋਕਤੰਤਰ ਦੀ ਰੂਹ ਹੈ।

ਪਰ ਇਹ ਵੀ ਉਤਨਾ ਹੀ ਸੱਚ ਹੈ ਕਿ ਵਿਰੋਧ ਜ਼ਿੰਮੇਵਾਰੀ ਨਾਲ ਹੋਣਾ ਚਾਹੀਦਾ ਹੈ। ਜਨਤਕ ਸੰਪਤੀ ਨੂੰ ਨੁਕਸਾਨ ਪਹੁੰਚਾਉਣਾ, ਹਿੰਸਾ ਕਰਨਾ ਜਾਂ ਨਫ਼ਰਤ ਫੈਲਾਉਣਾ ਕਿਸੇ ਵੀ ਤਰ੍ਹਾਂ ਲੋਕਤੰਤਰੀ ਅੰਦੋਲਨ ਨਹੀਂ ਕਿਹਾ ਜਾ ਸਕਦਾ। ਦੂਜੇ ਪਾਸੇ, ਸ਼ਾਂਤੀਪੂਰਨ ਧਰਨਿਆਂ, ਰੈਲੀਆਂ ਅਤੇ ਸੰਵਿਧਾਨਕ ਤਰੀਕਿਆਂ ਨਾਲ ਕੀਤੀ ਗਈ ਅਸਹਿਮਤੀ ਨੂੰ ਦਬਾਉਣਾ ਵੀ ਲੋਕਤੰਤਰ ਦੇ ਹਿੱਤ ਵਿੱਚ ਨਹੀਂ ਹੁੰਦਾ। ਲੋਕਤੰਤਰ ਸੰਵਾਦ ਨਾਲ ਚਲਦਾ ਹੈ, ਟਕਰਾਅ ਨਾਲ ਨਹੀਂ।


ਅੱਜ ਦੇ ਸਮੇਂ ਵਿੱਚ ਇਹ ਚਿੰਤਾ ਵਧ ਰਹੀ ਹੈ ਕਿ ਸਮਾਜ ਵਿੱਚ ਵਿਚਾਰਾਂ ਦੀ ਥਾਂ ਵਿਚਾਰਧਾਰਾਵਾਂ ਦੀ ਲੜਾਈ ਜ਼ਿਆਦਾ ਹੋ ਰਹੀ ਹੈ। ਸੋਸ਼ਲ ਮੀਡੀਆ ਨੇ ਹਰ ਵਿਅਕਤੀ ਨੂੰ ਆਪਣੀ ਗੱਲ ਕਹਿਣ ਦਾ ਮੰਚ ਤਾਂ ਦਿੱਤਾ ਹੈ, ਪਰ ਇਸ ਦੇ ਨਾਲ-ਨਾਲ ਅਸਹਿਮਤੀ ਪ੍ਰਤੀ ਅਸਹਿਣਸ਼ੀਲਤਾ ਵੀ ਵਧੀ ਹੈ। ਅਕਸਰ ਕਿਸੇ ਵੱਖਰੇ ਵਿਚਾਰ ਨੂੰ ਸੁਣਨ ਦੀ ਥਾਂ ਉਸ ਵਿਅਕਤੀ ਨੂੰ ਹੀ ਨਿਸ਼ਾਨਾ ਬਣਾਇਆ ਜਾਂਦਾ ਹੈ। ਇਹ ਰੁਝਾਨ ਕਿਸੇ ਵੀ ਲੋਕਤੰਤਰੀ ਸਮਾਜ ਲਈ ਚੰਗਾ ਨਹੀਂ ਮੰਨਿਆ ਜਾ ਸਕਦਾ।

ਇੱਕ ਮਜ਼ਬੂਤ ਸਰਕਾਰ ਉਹ ਨਹੀਂ ਹੁੰਦੀ ਜੋ ਸਿਰਫ਼ ਆਪਣੀ ਹੀ ਗੱਲ ਮਨਵਾਏ, ਸਗੋਂ ਉਹ ਹੁੰਦੀ ਹੈ ਜੋ ਆਲੋਚਨਾ ਨੂੰ ਧੀਰਜ ਨਾਲ ਸੁਣੇ, ਗਲਤੀਆਂ ਨੂੰ ਸਵੀਕਾਰੇ ਅਤੇ ਲੋਕਾਂ ਦੇ ਸੁਝਾਵਾਂ ਨੂੰ ਮਹੱਤਵ ਦੇਵੇ।

ਇਸੇ ਤਰ੍ਹਾਂ ਇੱਕ ਜ਼ਿੰਮੇਵਾਰ ਵਿਰੋਧੀ ਧਿਰ ਉਹ ਹੁੰਦੀ ਹੈ ਜੋ ਸਿਰਫ਼ ਵਿਰੋਧ ਲਈ ਵਿਰੋਧ ਨਾ ਕਰੇ, ਸਗੋਂ ਲੋਕਾਂ ਨਾਲ ਜੁੜੇ ਮੁੱਦਿਆਂ ਨੂੰ ਤੱਥਾਂ ਅਤੇ ਤਰਕਾਂ ਨਾਲ ਉਠਾਏ। ਲੋਕਤੰਤਰ ਵਿੱਚ ਸੱਤਾ ਅਤੇ ਵਿਰੋਧ ਦੋਵੇਂ ਇੱਕ-ਦੂਜੇ ਦੇ ਵਿਰੋਧੀ ਨਹੀਂ, ਸਗੋਂ ਲੋਕ-ਹਿੱਤ ਲਈ ਕੰਮ ਕਰਨ ਵਾਲੇ ਦੋ ਜ਼ਰੂਰੀ ਸਤੰਭ ਹਨ।

ਅੱਜ ਜਦੋਂ ਦੇਸ਼ ਤੇਜ਼ੀ ਨਾਲ ਤਰੱਕੀ ਅਤੇ ਵਿਕਾਸ ਵੱਲ ਵੱਧ ਰਿਹਾ ਹੈ, ਤਾਂ ਇਹ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਵਿਕਾਸ ਦੇ ਨਾਲ ਲੋਕਤੰਤਰੀ ਕਦਰਾਂ ਨੂੰ ਵੀ ਮਜ਼ਬੂਤ ਰੱਖਿਆ ਜਾਵੇ। ਜੇ ਸਵਾਲ ਪੁੱਛਣ ਵਾਲੇ ਘੱਟ ਹੋ ਜਾਣ, ਤਾਂ ਜਵਾਬਦੇਹੀ ਵੀ ਘੱਟ ਹੋ ਜਾਂਦੀ ਹੈ। ਜੇ ਆਲੋਚਨਾ ਖ਼ਤਮ ਹੋ ਜਾਵੇ, ਤਾਂ ਸੁਧਾਰ ਦੀ ਗੁੰਜਾਇਸ਼ ਵੀ ਘੱਟ ਰਹਿ ਜਾਂਦੀ ਹੈ। ਇਸ ਲਈ ਅਸਹਿਮਤੀ ਨੂੰ ਦਬਾਉਣ ਦੀ ਨਹੀਂ, ਸਮਝਣ ਦੀ ਲੋੜ ਹੈ।


ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਲੋਕਤੰਤਰ ਵਿੱਚ ਵਿਰੋਧ ਕੋਈ ਕਮਜ਼ੋਰੀ ਨਹੀਂ, ਸਗੋਂ ਇੱਕ ਸੁਰੱਖਿਆ ਕਵਚ ਹੈ। ਇਹ ਸਰਕਾਰ ਨੂੰ ਮਨਮਾਨੀ ਤੋਂ ਰੋਕਦਾ ਹੈ, ਲੋਕਾਂ ਦੇ ਹੱਕਾਂ ਦੀ ਰੱਖਿਆ ਕਰਦਾ ਹੈ ਅਤੇ ਸਮਾਜ ਨੂੰ ਜਾਗਰੂਕ ਬਣਾਉਂਦਾ ਹੈ। ਜਿੱਥੇ ਸਵਾਲ ਜਿਊਂਦੇ ਰਹਿੰਦੇ ਹਨ, ਉੱਥੇ ਲੋਕਤੰਤਰ ਵੀ ਜਿਊਂਦਾ ਰਹਿੰਦਾ ਹੈ। ਇਸ ਲਈ ਸਾਨੂੰ ਵਿਰੋਧ ਦੀ ਆਵਾਜ਼ ਨੂੰ ਦਬਾਉਣ ਦੀ ਬਜਾਏ ਸੁਣਨ ਅਤੇ ਸਮਝਣ ਦੀ ਸੰਸਕ੍ਰਿਤੀ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਇਹੀ ਇੱਕ ਮਜ਼ਬੂਤ, ਪਰਿਪੱਕ ਅਤੇ ਜਨ-ਪੱਖੀ ਲੋਕਤੰਤਰ ਦੀ ਪਛਾਣ ਹੈ।








WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.


Pal Films Production
RED PRO 5.0
RED
All Your Photo/Videography & Post Production needs Under One Roof
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com


Punjabi Cultural Society of Tracy
19th Annual Tracy Teeyan
Sunday, August 2, 2026
Time 10:00Am to 06:00Pm
I.P.F.E.S. Portuguese Hall of Tracy,
400 W 9th St. Tracy, CA
With Punjabi famous singer
KULWINDER BILLA
ਇਲਾਕੇ ਦੀਆਂ ਸਮੂਹ ਪੰਜਾਬੀ ਮੁਟਿਆਰਾਂ ਵੱਲੋਂ
ਗਿੱਧਾ, ਭੰਗੜਾ, ਬੋਲੀਆਂ ਪਾ ਪੇਸ਼ ਕੀਤੀਆਂ ਜਾਣਗੀਆਂ
ਵੱਖ-ਵੱਖ ਸੱਭਿਆਚਾਰਕ ਵੰਨਗੀਆ ਤੇ ਦਿਲ ਖਿੱਚਵੇਂ ਰੰਗਾਂ -ਰੰਗ ਪ੍ਰੋਗਰਾਮ।
ਲੱਗਣਗੇ ਹਾਰ- ਸ਼ਿੰਗਾਰ ਤੇ ਵੱਖੋ-ਵੱਖਰੇ ਖਾਣ ਪੀਣ ਦੇ ਸਟਾਲ !
TICKET
$10 TICKET
Kids under 5 free
Doors will close at 2 pm
Hosted by
Asha Sharma
FOR SPONSORSHIP AND PARTICIPATION
PLEASE CONTACT
Tajinder Muhar (209) 640-9521
Rani Kahlon
(ਸਟਾਲ ਸਾਰੇ ਬੁੱਕ ਹੋ ਚੁੱਕੇ ਨੇ) ਸਟੇਜ ਪਰਫਾਰਮੈਂਸ ਕਰਨ ਲਈ ਸੰਪਰਕ ਕਰੋ
ਵਧੇਰੇ ਜਾਣਕਾਰੀ ਲਈ ਕਾਲ ਕਰੋ : Tajinder Muhar (209) 640-9521



ਬਰਜਿੰਦਰ ਕੌਰ ਬਿਸਰਾਓ
99889-01324

# "ਚੁੱਪ ਸਾਧਨਾ ਹੈ ਤੇ ਬੋਲਣਾ ਕਲਾ ਹੈ"

ਚੁੱਪ ਇੱਕ ਇਹੋ ਜਿਹਾ ਮਜ਼ਮੂਨ ਹੈ ਜਿਸ ਉੱਪਰ ਚਾਹੇ ਇੱਕ ਮੋਟੀ ਕਿਤਾਬ ਲਿਖ ਲਓ। "ਚੁੱਪ" ਆਪਣੇ ਆਪ ਵਿੱਚ ਜਿੰਨਾ ਛੋਟਾ ਜਿਹਾ ਸ਼ਬਦ ਹੈ,ਇਸ ਦੇ ਅਰਥ ਓਨੇ ਹੀ ਗਹਿਰੇ ਅਤੇ ਵਿਸ਼ਾਲ ਹਨ ,ਜਿੰਨਾਂ ਇਹ ਸ਼ਾਂਤ ਜਿਹਾ ਲੱਗਦਾ ਹੈ ਓਨਾ ਹੀ ਇਹ ਜਵਾਰਭਾਟਿਆਂ ਵਾਂਗੂੰ ਖੌਰੂ ਪਾਉਂਦਾ ਹੈ, ਜਿੰਨਾਂ ਸਾਊ ਲੱਗਦਾ ਹੈ ਓਨਾ ਹੀ ਇਹ ਮਿੰਨ੍ਹਾ ਜਿਹਾ ਸ਼ਰਾਰਤੀ ਜਿਹਾ ਵੀ ਹੁੰਦਾ ਹੈ। ਚੁੱਪ, ਉੱਪਰੋਂ ਉੱਪਰੋਂ ਇੱਕ ਸ਼ਾਂਤ ਦਿਸਣ ਵਾਲ਼ੇ ਸਮੁੰਦਰ ਵਾਂਗ ਹੁੰਦੀ ਹੈ ਜਿਸ ਦੇ ਅੰਦਰ ਕਿੰਨ੍ਹੇ ਹੀ ਮਗਰਮੱਛ, ਵੱਡੀਆਂ ਛੋਟੀਆਂ ਮੱਛੀਆਂ ਅਤੇ ਹੋਰ ਅਨੇਕਾਂ ਕਿਸਮਾਂ ਦੇ ਜੀਵ ਜੰਤੂ ਕੁ਼ਲਬੁ਼ਲ ਕੁ਼ਲਬੁ਼ਲ ਕਰਦੇ ਫਿਰਦੇ ਹਨ। ਬਿਲਕੁਲ ਇਸੇ ਤਰ੍ਹਾਂ ਮਨੁੱਖ ਇਕੱਲਾ ਜਾਂ ਚਹੁੰ ਜਣਿਆਂ ਵਿੱਚ ਬੈਠਾ ਚਾਹੇ ਬੁੱਲ੍ਹਾਂ ਦੀਆਂ ਦੋ ਪੱਤੀਆਂ ਨੂੰ ਜੋੜੀ ਦੋ ਘੰਟੇ ਬੈਠਾ ਰਹੇ ਪਰ ਉਸ ਦੇ ਅੰਦਰਲੇ ਖਿਆਲਾਂ ਵਾ਼ਲੇ ਜੀਵ ਜੰਤੂ ਉਸ ਨੂੰ ਇੱਕ ਮਿੰਟ ਵੀ ਸ਼ਾਂਤ ਨਹੀਂ ਰਹਿਣ ਦਿੰਦੇ। ਇਹ ਸ਼ੋਰ ਉੱਚੀ ਉੱਚੀ ਬੋਲ ਕੇ ਰੌ਼ਲਾ ਪਾਉਣ ਵਾਲੇ ਸ਼ੋਰ ਨਾਲੋਂ ਕਿਤੇ ਜ਼ਿਆਦਾ ਹੁੰਦਾ ਹੈ। ਜੇ ਦੇਖਿਆ ਜਾਏ ਤਾਂ ਚੁੱਪ ਨੂੰ ਵੀ ਕਈ ਤਰ੍ਹਾਂ ਨਾਲ ਪ੍ਰਭਾਸ਼ਿਤ ਕੀਤਾ ਜਾਂਦਾ ਹੈ।

ਗੁਰਬਾਣੀ ਦੀ ਤੁਕ,"ਜਿਥੈ ਬੋਲਣਿ ਹਾਰੀਐ ਤਿਥੈ ਭਲੀ ਚੁੱਪ" ਅਨੁਸਾਰ ਜਿੱਥੇ ਜ਼ਿਆਦਾ ਬੋਲ ਕੇ ਦੂਜਿਆਂ ਸਾਹਮਣੇ ਹੇਠੀ ਹੁੰਦੀ ਹੋਵੇ ਜਾਂ ਤੁਹਾਡੇ ਬੋਲਾਂ ਨੂੰ ਕੋਈ ਤਰਜੀਹ ਨਾ ਦੇ ਰਿਹਾ ਹੋਵੇ ਤਾਂ ਉੱਥੇ ਚੁੱਪ ਕਰ ਜਾਣਾ ਚਾਹੀਦਾ ਹੈ। ਆਪਣਾ ਸਵੈਮਾਣ ਬਚਾਉਣ ਦਾ ਸਭ ਤੋਂ ਵਧੀਆ ਤਰੀਕਾ ਚੁੱਪ ਹੀ ਹੁੰਦਾ ਹੈ। ਚੁੱਪ ਨੂੰ ਸੁੱਖ ਦਾ ਸਾਧਨ ਦਰਸਾਉਣ ਲਈ ਵੱਡਿਆਂ ਵੱਲੋਂ ਛੋਟਿਆਂ ਨੂੰ ਅਕਲ ਦਿੰਦੇ ਹੋਏ ਜਾਂ ਲੜਾਈ ਝਗੜੇ ਨੂੰ ਵਿਰਾਮ ਦੇਣ ਲਈ ਥੋੜੀ ਜਿਹੀ ਸਿਆਣੀ ਧਿਰ ਨੂੰ ਸਮਝਾਉਣ ਲਈ 'ਇੱਕ ਚੁੱਪ ਸੌ ਸੁੱਖ ' ਮੁਹਾਵਰਾ ਵੀ ਆਮ ਕਰਕੇ ਵਰਤਿਆ ਜਾਂਦਾ ਹੈ। ਪਰ ਕਈ ਕਈ ਵਾਰ ਚੁੱਪ ਵਰਦਾਨ ਸਾਬਿਤ ਹੁੰਦੀ ਹੈ ਪਰ ਹਰ ਵਾਰ ਵਰਦਾਨ ਵੀ ਸਾਬਿਤ ਨਹੀਂ ਹੋ ਸਕਦੀ।ਸਿਆਣੇ ਕਹਿੰਦੇ ਹਨ ਕਿ "ਅੱਤ ਭਲਾ ਨਾ ਬੋਲਣਾ, ਅੱਤ ਨਾ ਭਲੀ ਚੁੱਪ, ਅੱਤ ਨਾ ਭਲਾ ਮੇਘਲਾ, ਅੱਤ ਨਾ ਭਲੀ ਧੁੱਪ" ਇਹ ਗੱਲ ਵੀ ਬਿਲਕੁਲ ਸਹੀ ਹੈ ਕਿਉਂਕਿ ਜੇ ਬਹੁਤਾ ਬੋਲਣ ਨਾਲ ਪੁਆੜੇ ਪੈ ਜਾਂਦੇ ਹਨ ਤਾਂ ਕਈ ਵਾਰੀ ਚੁੱਪ ਰਹਿਣ ਨਾਲ ਉਸ ਤੋਂ ਕਿਤੇ ਵੱਧ ਪੁਆੜੇ ਪੈ ਸਕਦੇ ਹਨ। ਜਿੱਥੇ ਘਰਾਂ ਪਰਿਵਾਰਾਂ ਵਿੱਚ, ਦਫ਼ਤਰਾਂ ਵਿੱਚ ਜਾਂ ਦੋਸਤਾਂ ਮਿੱਤਰਾਂ ਵਿੱਚ, ਰਿਸ਼ਤਿਆਂ ਵਿੱਚ ਜਾਂ ਆਂਢ ਗੁਆਂਢ ਵਿੱਚ ਬਹੁਤਾ ਬੋਲ ਕੇ ਫਿੱਕ ਪੈ ਜਾਂਦੇ ਹਨ ਉੱਥੇ ਕਈ ਵਾਰ ਸਹੀ ਜਾਂ ਗ਼ਲਤ ਧਿਰ ਬਾਰੇ ਆਪਣਾ ਪੱਖ ਰੱਖਣ ਜਾਂ ਆਪਣੇ ਵਿਚਾਰ ਪੇਸ਼ ਕਰਨ ਦੀ ਬਿਜਾਏ ਚੁੱਪ ਧਾਰ ਲਈ ਜਾਵੇ ਤਾਂ ਉਹ ਚੁੱਪ ਵੀ ਖ਼ਤਰਨਾਕ ਸਾਬਤ ਹੁੰਦੀ ਹੈ। ਕਈ ਵਾਰ ਰਿਸ਼ਤਿਆਂ ਵਿੱਚ ਪਾਰਦਰਸ਼ਤਾ ਲਿਆਉਣ ਲਈ ਚੁੱਪ ਤੋੜਨੀ ਜ਼ਰੂਰੀ ਹੁੰਦੀ ਹੈ,ਕਈ ਤਰ੍ਹਾਂ ਦੀਆਂ ਗ਼ਲਤ ਫ਼ਹਿਮੀਆਂ ਦੂਰ ਕਰਨ ਲਈ ਵੀ ਚੁੱਪ ਤੋੜਨੀ ਬਹੁਤ ਜ਼ਰੂਰੀ ਹੁੰਦੀ ਹੈ। ਕਈ ਵਾਰ ਇੱਕ ਧਿਰ ਵੱਲੋਂ ਧਾਰੀ ਹੋਈ ਚੁੱਪ ਦੋ ਪਿਆਰ ਕਰਨ ਵਾਲਿਆਂ ਨੂੰ ਜਾਂ ਰਿਸ਼ਤੇਦਾਰਾਂ ਨੂੰ ਸਦਾ ਲਈ ਇੱਕ ਦੂਜੇ ਤੋਂ ਦੂਰ ਕਰ ਦਿੰਦੀ ਹੈ।

ਹੁਣ ਆਪਾਂ ਮਨੁੱਖ ਦੇ ਇਕਾਂਤ ਵਾ਼ਲੀ ਚੁੱਪ ਤੇ ਵੀ ਨਜ਼ਰ ਮਾਰ ਲਈਏ । ਜਦੋਂ ਮਨੁੱਖ ਆਪਣੇ ਕਮਰੇ ਵਿੱਚ ,ਘਰ ਵਿੱਚ, ਸਫ਼ਰ ਕਰਦਿਆਂ ,ਦਫ਼ਤਰ ਵਿੱਚ ਇਕੱਲੇ ਬੈਠਿਆਂ ਜਾਂ ਕਿਧਰੇ ਹੋਰ ਬਿਲਕੁਲ ਇਕੱਲਾ ਚੁੱਪ ਬੈਠਾ ਹੋਵੇ ਤਾਂ ਉਦੋਂ ਉਸ ਅੰਦਰ ਵਿਚਾਰਾਂ ਦੀ ਗਤੀ ਬਹੁਤ ਤੇਜ਼ ਰਫ਼ਤਾਰੀ ਨਾਲ ਚੱਲ ਰਹੀ ਹੁੰਦੀ ਹੈ। ਉਹਨਾਂ ਵਿਚਾਰਾਂ ਵਿੱਚੋਂ ਹੀ ਉਸ ਅੰਦਰੋਂ ਇੱਕ ਊਰਜਾ, ਇੱਕ ਚੇਤਨਾ, ਇੱਕ ਸੰਘਰਸ਼ ਉਪਜਦਾ ਹੈ। ਜੇ ਕਿਤੇ ਇਸ ਇਕਾਂਤ ਵਾ਼ਲੀ ਚੁੱਪ ਵਿੱਚ ਮਨੁੱਖ ਸਾਕਾਰਾਤਮਕ ਸੋਚ ਰੂਪੀ ਬੀਜ ਪਾ ਦੇਵੇ ਤਾਂ ਇਸ ਵਿੱਚੋਂ ਉਸ ਦੇ ਚੰਗੇ ਭਵਿੱਖ ਨਿਰਮਾਣ ਲਈ ਸੁਗੰਧੀਆਂ ਮਾਰਨ ਵਾਲੇ ਨਵੇਂ ਬੂਟੇ ਉੱਗਣ ਲੱਗਣਗੇ ਤੇ ਉਹ ਆਪਣੇ ਸਮਾਜ ਅਤੇ ਦੇਸ਼ ਲਈ ਵੀ ਚੰਗੀਆਂ ਯੋਜਨਾਵਾਂ ਰੂਪੀ ਬਗੀਚੀ ਉਗਾ ਸਕਦਾ ਹੈ ਜਿਸ ਦੀ ਮਹਿਕ ਚਾਰੇ ਪਾਸੇ ਫੈਲੇਗੀ । ਜੇ ਕਿਤੇ ਇਕਾਂਤ ਵਾ਼ਲੀ ਚੁੱਪ ਵਿੱਚ ਉਹ ਨਾਕਾਰਾਤਮਕ ਸੋਚ ਨੂੰ ਪਾਲਣ ਲੱਗ ਜਾਵੇ ਤਾਂ ਅੱਤ ਦਾ ਗੁੱਸਾ ਅੰਦਰੋਂ ਅੰਦਰ ਪੈਦਾ ਹੋ ਕੇ ਜਵਾਲਾ ਦਾ ਰੂਪ ਧਾਰਨ ਕਰ ਸਕਦਾ ਹੈ ਤੇ ਡਿਪਰੈਸ਼ਨ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਕੇ ਆਤਮਘਾਤ ਵਰਗੀਆਂ ਘਟਨਾਵਾਂ ਨੂੰ ਵੀ ਅੰਜਾਮ ਦੇ ਸਕਦਾ ਹੈ। ਜੇ ਉਹੀ ਮਨੁੱਖ ਆਪਣੀ ਚੁੱਪ ਨੂੰ ਤੋੜ ਕੇ ਆਪਣੇ ਅੰਦਰ ਚੱਲ ਰਹੇ ਵਿਚਾਰਾਂ ਨੂੰ ਕਿਸੇ ਨਾਲ ਸਾਂਝਾ ਕਰ ਲਵੇ ਤਾਂ ਆਤਮਘਾਤ ਵਰਗੀਆਂ ਘਟਨਾਵਾਂ ਤੋਂ ਬਚ ਸਕਦਾ ਹੈ। ਪਹਿਲਾਂ ਪਹਿਲ ਵੱਡੇ ਪਰਿਵਾਰਾਂ ਦੇ ਚੱਲਦੇ ਸਭ ਨਾਲ ਗੱਲਾਂ ਬਾਤਾਂ ਕਰਦੇ ਸਮਾਂ ਬੀਤ ਜਾਂਦਾ ਸੀ ਕਿਸੇ ਕੋਲ ਅਲੱਗ ਇਕੱਲੇ ਬੈਠ ਕੇ ਲੰਮਾ ਸਮਾਂ ਵਿਚਾਰਾਂ ਦੀ ਲੜਾਈ ਨਹੀਂ ਲੜਨੀ ਪੈਂਦੀ ਸੀ ਜਿਸ ਕਰਕੇ ਹਰ ਵਿਅਕਤੀ ਦਾ ਚਿਹਰਾ ਖਿੜਿਆ ਖਿੜਿਆ ਰਹਿੰਦਾ ਸੀ।

ਸੋ ਮੁੱਕਦੀ ਗੱਲ ਇਹ ਹੈ ਕਿ "ਚੁੱਪ ਇੱਕ ਸਾਧਨਾ ਹੈ ਤੇ ਬੋਲਣਾ ਇੱਕ ਕਲਾ ਹੈ" ਦੇ ਸਿਧਾਂਤ ਤੇ ਚੱਲਦਿਆਂ ਆਪਣੀ ਜ਼ਿੰਦਗੀ ਨੂੰ ਸਮਾਜ ਦਾ ਇੱਕ ਅਨਿੱਖੜਵਾਂ ਅੰਗ ਬਣਾਈਏ। ਜਿੱਥੇ ਬੋਲ ਕੇ ਮਸਲੇ ਹੱਲ ਕੀਤੇ ਜਾ ਸਕਦੇ ਹੋਣ ਉੱਥੇ ਚੁੱਪ ਰਹਿਣਾ ਮੂਰਖਤਾ ਹੋਵੇਗੀ ਤੇ ਜਿੱਥੇ ਚੁੱਪ ਰਹਿ ਕੇ ਹੱਲ ਨਿਕਲਦੇ ਹੋਣ ਉੱਥੇ ਚੁੱਪ ਹੀ ਭਲੀ ਹੁੰਦੀ ਹੈ ਪਰ ਇਕਾਂਤ ਵਾ਼ਲੀ ਚੁੱਪ ਦਾ ਇਸਤੇਮਾਲ ਬਹੁਤ ਧਿਆਨ ਪੂਰਵਕ ਕਰਨਾ ਚਾਹੀਦਾ ਹੈ ਕਿਉਂਕਿ ਉਸ ਦੀ ਮਨੁੱਖੀ ਜੀਵਨ ਵਿੱਚ ਬਹੁਤ ਅਹਿਮੀਅਤ ਹੈ। ਅੱਜ ਕੱਲ੍ਹ ਛੋਟੇ ਪਰਿਵਾਰ ਹੋਣ ਕਰਕੇ ਵੱਡਿਆਂ ਅਤੇ ਬੱਚਿਆਂ ਉੱਪਰ ਇਕਾਂਤ ਵਾ਼ਲੀ ਚੁੱਪ ਦਾ ਪਹਿਰਾ ਹੈ।ਇਸ ਲਈ ਜਦੋਂ ਵੀ ਘਰ ਵਿੱਚ ਪਰਿਵਾਰ ਦੇ ਬਾਕੀ ਜੀਆਂ ਨਾਲ ਇਕੱਠੇ ਬੈਠਣ ਲਈ ਵਕ਼ਤ ਮਿ਼ਲੇ ਤਾਂ ਉਸ ਸਮੇਂ ਹਾਂ ਪੱਖੀ ਹਾਲਾਤਾਂ ਨੂੰ ਸਿਰਜਿਆ ਜਾਵੇ ਅਤੇ ਆਪਸੀ ਗੱਲਬਾਤ ਸਾਕਾਰਾਤਮਕ ਤਰੀਕੇ ਨਾਲ ਨਿਬੇੜੀ ਜਾਵੇ ਕਿਉਂਕਿ ਇਹੀ ਵਿਚਾਰ ਇਕਾਂਤ ਵਾ਼ਲੀ ਚੁੱਪ ਵਿੱਚ ਘੁੰਮਦੇ ਘੁੰਮਦੇ ਸੋਚਾਂ ਬਣ ਕੇ ਕਈ ਗੁਣਾਂ ਵਧ ਜਾਂਦੇ ਹਨ । ਜਿਸ ਨਾਲ ਇਹੀ ਪੱਖ ਹਰ ਮਨੁੱਖ ਦਾ ਰਵੱਈਆ ਬਣ ਕੇ ਉੱਭਰਦਾ ਹੈ। ਇਸ ਲਈ ਹਰ ਵਿਅਕਤੀ ਦੀ ਸ਼ਖ਼ਸੀਅਤ ਦੇ ਨਿਰਮਾਣ ਵਿੱਚ ਜਿੱਥੇ ਇਕਾਂਤ ਵਾ਼ਲੀ ਚੁੱਪ ਵਿੱਚੋਂ ਉਪਜੀ ਸੋਚ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ ਉੱਥੇ ਹੀ ਉਸ ਵੱਲੋਂ ਸਹੀ ਸਮੇਂ ਬੋਲੇ ਜਾਣ ਵਾਲੇ ਅਰਥ ਭਰਪੂਰ ਸ਼ਬਦ ਵੀ ਉਸ ਦੀ ਅਕਲ ਦਾ ਪ੍ਰਗਟਾਵਾ ਕਰਦੇ ਹਨ।

Now Open New Banquet Hall in Sacramento
For more info: Contact Paul : (916)334-6000




Arrested ?
DUI ?
Drug Charges ?
Gun Violation ?
Ghuman Law Group
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702


JK TYRE INC
JKTYRE
TOTAL CONTROL
KTD10-LEAO
Radial Truck Tire (Long Haul)
295/75R22.5
$2600
With Installation
Singh: 510-766-9382
JK JETSTEEL JDH
SPECIAL OFFER !!
DRIVE TIRE
11R22.5-
With Installation
Singh: 510-766-9382
Firestone FS591
SPECIAL OFFER !!
STEER TIRE
295/75R22.5
With Installation
Singh: 510-766-9382
11R22.5
With Installation
Singh: 510-766-9382
Sizes available in drive & trailer
295/75/22.5
11r/22.5
11r/24.5
255/70/22.5
315/80/22.5
425/65/22.5
JETWAY JTH 1
SPECIAL OFFER !!
TRAILER TIRE
11R22.5-
11R24.5-
With Installation
Singh: 510-766-9382
JETWAY JTH SD
SPECIAL OFFER !!
TRAILER TIRE
295/75R22.5-
With Installation
Singh: 510-766-9382
JK JETSTEEL JDL2
SPECIAL OFFER !!
DRIVE TIRE
11R22.5-
11R24.5-
295/75R22.5-
With Installation
Singh: 510-766-9382
FALKEN TIRES
GOODYEAR
KELLY TIRES
BARKLEY Feel the difference
PIRELLI
MICHELIN A better way forward
BRIDGESTONE
Firestone
YOKOHAMA
PEARLY
NAMA
TOYO TIRES driven to perform
Continental
DUNLOP TIRES
S. Singh Cell: (510) 766-9382
2955 N. Wilson Way Stockton , CA 95205

# ਚੱਕੀਰਾਹਾ, ਦੁਨੀਆ ਦੇ ਸਭ ਤੋਂ ਅਜੀਬ ਪੰਛੀਆਂ ਵਿੱਚੋਂ ਇੱਕ

ਚੱਕੀਰਾਹਾ ਭਾਰਤ ਵਿੱਚ ਪਾਇਆ ਜਾਣ ਵਾਲਾ ਇੱਕ ਬਹੁਤ ਹੀ ਖ਼ੂਬਸੂਰਤ ਅਤੇ ਰੰਗਦਾਰ ਪੰਛੀ ਹੈ। ਇਸਨੂੰ ਆਮ ਤੌਰ 'ਤੇ 'ਹੁਦਹੁਦ' ਵੀ ਕਿਹਾ ਜਾਂਦਾ ਹੈ। ਭਾਰਤ ਵਿੱਚ ਇਹ ਪੰਛੀ ਸਥਾਈ ਤੌਰ 'ਤੇ ਵੀ ਰਹਿੰਦਾ ਹੈ ਅਤੇ ਸਰਦੀਆਂ ਵਿੱਚ ਪਰਵਾਸੀ ਪੰਛੀਆਂ ਵਜੋਂ ਵੀ ਆਉਂਦਾ ਹੈ।ਇਸਦੇ ਸਿਰ ਉੱਤੇ ਖੰਭਾਂ ਦੀ ਇੱਕ ਬਹੁਤ ਸੁੰਦਰ ਅਤੇ ਖੁੱਲਣ ਵਾਲੀ ਕਲਗੀ ਹੁੰਦੀ ਹੈ।ਇਸਦੀ ਚੁੰਝ ਕਾਫ਼ੀ ਲੰਮੀ, ਪਤਲੀ ਅਤੇ ਤਿੱਖੀ ਹੁੰਦੀ ਹੈ। ਇਸਦੇ ਖੰਭ ਕਾਲੇ, ਚਿੱਟੇ ਅਤੇ ਭੂਰੇ ਰੰਗ ਦੇ ਮਿਸ਼ਰਣ ਵਾਲੇ ਹੁੰਦੇ ਹਨ।ਇਹ ਪੰਛੀ ਪੂਰੇ ਭਾਰਤ ਵਿੱਚ ਆਮ ਦੇਖਿਆ ਜਾ ਸਕਦਾ ਹੈ। ਪੰਜਾਬ ਵਿੱਚ ਇਸਨੂੰ ਵਿਸ਼ੇਸ਼ ਤੌਰ 'ਤੇ ਪਸੰਦ ਕੀਤਾ ਜਾਂਦਾ ਹੈ ਅਤੇ ਕਈ ਵਾਰ ਇਸਨੂੰ ਪੰਜਾਬ ਰਾਜ ਪੰਛੀ ਵੀ ਮੰਨਿਆ ਜਾਂਦਾ ਹੈ। ਇਹ ਮੁੱਖ ਤੌਰ 'ਤੇ ਜ਼ਮੀਨ ਵਿੱਚੋਂ ਕੀੜੇ-ਮਕੌੜੇ ਅਤੇ ਸੁੰਡੀਆਂ ਲੱਭ ਕੇ ਖਾਂ ਜਾਂਦਾ ਹੈ ਜਿਸ ਕਰਕੇ ਫਸਲਾਂ ਨੂੰ ਨੁਕਸਾਨ ਪਹੁੰਚਾਉਣ ਵਾਲਾ ਕਿਸਾਨਾਂ ਦਾ ਮਿੱਤਰ ਵੀ ਮੰਨਿਆ ਜਾਂਦਾ ਹੈ।ਪੰਜਾਬੀ ਸੱਭਿਆਚਾਰ ਵਿੱਚ ਇਸ ਪੰਛੀ ਨੂੰ ਬਹੁਤ ਸਤਿਕਾਰਿਆ ਜਾਂਦਾ ਹੈ ਅਤੇ ਪੰਜਾਬੀ ਸਾਹਿਤ ਅਤੇ ਲੋਕ-ਬੋਲੀਆਂ ਵਿੱਚ ਇਸਦਾ ਜ਼ਿਕਰ ਆਉਂਦਾ ਹੈ।

ਜਿਵੇਂ ਕਿ ਪੰਛੀਆਂ ਦੀ ਮਹਿਮਾ ਵਾਲੀ ਬੋਲੀ:

ਉੱਡ ਕੇ ਤੂੰ ਆਵੀਂ ਚੱਕੀਰਾਹਿਆ,ਵੇਖੀਂ ਕਿਤੇ ਜਾਈਂ ਨਾ ਉਡਾਰੀ ਮਾਰ ਕੇ!

ਜਦ ਰਿਸ਼ਤਿਆਂ ਦੀ ਸਾਂਝੀ ਬੋਲੀ ਪਾਉਣ ਦੀ ਗੱਲ ਆਉਂਦੀ ਹੈ ਤਾਂ:

ਪਿੱਪਲੀਂ ਤੇ ਪੀਂਘ ਪਾ ਲਈ,ਚੱਕੀਰਾਹਾ ਬਹਿ ਗਿਆ ਕੂਕਦਾ।

ਆਉਂਦੀ ਕੁੜੀਉ, ਵਧਾਉ ਪੀਂਘ ਨੂੰ,ਨੀ ਮੈਂ ਨਣਦ ਦਾ ਵੀਰਾ ਉਡੀਕਦੀ।

ਪਰ ਸਮੇਂ ਦੇ ਨਾਲ ਅੱਜਕਲ੍ਹ ਇਸ ਤਰ੍ਹਾ ਦੀਆਂ ਬੋਲੀਆਂ, ਗਿੱਧਾ, ਪੰਜਾਬੀ ਸੱਭਿਆਚਾਰ ਖਤਮ ਹੁੰਦਾ ਜਾ ਰਿਹਾ ਹੈ ਤੇ ਇਸ ਤਰ੍ਹਾ ਦੀਆਂ ਬੋਲੀਆਂ ਦਮ ਤੋੜ ਰਹੀਆਂ ਹਨ

ਇਹ ਦਲਦਲਾਂ, ਦਰਿਆਵਾਂ ਦੇ ਕੰਢਿਆਂ ਵਾਲੇ ਜੰਗਲੀ ਖੇਤਰਾਂ ਵਿੱਚ ਰਹਿੰਦਾ ਹੈ। ਆਪਣੇ ਅਜੀਬ ਸਰੀਰਕ ਲੱਛਣਾਂ ਅਤੇ ਖ਼ੁਰਾਕ ਕਾਰਨ ਇਸਨੂੰ ਦੁਨੀਆ ਦੇ ਵਿਲੱਖਣ ਪੰਛੀਆਂ ਵਿੱਚ ਗਿਣਿਆ ਜਾਂਦਾ ਹੈ।

ਇਸ ਲਗਾਤਾਰ ਖਮੀਰਕਰਨ ਕਾਰਨ ਪੰਛੀ ਦੇ ਸਰੀਰ ਅਤੇ ਸਾਹ ਵਿੱਚ ਗੋਬਰ ਜਾਂ ਸੜੀ ਹੋਈ ਬਨਸਪਤੀ ਵਰਗੀ ਤਿੱਖੀ ਬਦਬੂ ਆਉਂਦੀ ਹੈ। ਇਸੇ ਲਈ ਇਸਦਾ ਆਮ ਨਾਂ "ਸਟਿੰਕਬਰਡ" ਪੈ ਗਿਆ। ਗਿਨੀਜ਼ ਵਰਲਡ ਰਿਕਾਰਡ ਦੇ ਅਨੁਸਾਰ, ਚੱਕੀਰਾਹੇ ਨੂੰ ਦੁਨੀਆ ਦਾ ਸਭ ਤੋਂ ਬਦਬੂਦਾਰ ਪੰਛੀ ਵੀ ਕਿਹਾ ਜਾਂਦਾ ਹੈ।

ਵਿਗਿਆਨੀਆਂ ਲਈ ਇਸ ਪੰਛੀ ਦੀ ਵਰਗੀਕਰਨ ਕਰਨਾ ਲੰਮੇ ਸਮੇਂ ਤੱਕ ਮੁਸ਼ਕਲ ਰਿਹਾ ਹੈ। ਇਹ ਚੱਕੀਰਾਹੇ ਦੀ ਕ੍ਰਮ ਦੀ ਇਕੱਲੀ ਜੀਊਂਦੀ ਪ੍ਰਜਾਤੀ ਹੈ। ਇਸਦੇ ਮਾਸ ਵਿੱਚ ਪਾਚਨ ਤੰਤਰ ਦੀ ਬਦਬੂ ਅਤੇ ਸੁਆਦ ਰਚ ਜਾਂਦਾ ਹੈ। ਇਸ ਕਾਰਨ ਮਨੁੱਖ ਅਤੇ ਕਈ ਸ਼ਿਕਾਰੀ ਇਸਨੂੰ ਖਾਣ ਤੋਂ ਪਰਹੇਜ਼ ਕਰਦੇ ਹਨ।

ਸਾਂਝੀ ਸੋਚ
Surjit Singh Flora
6 Havelock Drive
Brampton, Canada
647-829-9397



# ਰੁੱਤ ਰੁੱਖ ਲਾਉਣ ਦੀ

ਰੁੱਤ ਰੁੱਖ ਲਾਉਣ ਦੀ ਆਈ ਬੇਲੀਓ,
ਰੁੱਤ ਰੁੱਖ ਲਾਉਣ ਦੀ ਆਈ
ਵਾਤਾਵਰਨ ਬਚਾਈਏ ਸਾਰੇ, ਕੋਈ ਪਿੱਛੇ ਰਹਿ ਜਾਵੇ ਨਾ ਭੈਣ ਭਾਈ
ਰੁੱਤ ਰੁੱਖ ਲਾਉਣ ਦੀ ਆਈ ਬੇਲੀਓ....
ਧਰਤੀ ਮਾਂ ਨੂੰ ਜੇ ਸੜਨੋ ਬਚਾਉਣਾ,ਰੁੱਖਾਂ ਨੂੰ ਫਿਰ ਪੈਣਾ ਲਾਉਣਾ
ਮੁੱਕ ਜਾਉ ਸਾਰਾ ਰੋਣਾ ਧੋਣਾ,ਫਿਰ ਕਿਹੜਾ ਆਪਾਂ ਮੁੜਕੇ ਆਉਣਾ
ਟਾਹਲੀਆਂ,ਪਿੱਪਲ, ਬੋਹੜ ਤੇ ਨੀਮਾਂ,ਜਾਂਦੇ ਮੂਰਖ ਲੋਕ ਮੁਕਾਈ
ਰੁੱਤ ਰੁੱਖ ਲਾਉਣ ਦੀ ਆਈ ਬੇਲੀਓ....
ਸਾਡਾ ਸਾਥ ਨਿਭਾਉਂਦੇ,ਮਰਨ ਮਗਰੋਂ ਵੀ ਸਾਡੇ ਕੰਮ, ਨੇ ਆਉਂਦੇ
ਜਿਹੜੇ ਲੋਕੀ ਰੁੱਖ ਨੇ ਲਾਉਂਦੇ,ਸਾਰੀ ਜਿੰਦਗੀ ਉਹ ਸੁੱਖ ਨੇ ਪਾਉਂਦੇ
ਠੰਡੀਆਂ ਛਾਵਾਂ ਖੁਲੀਆਂ ਹਵਾਵਾਂ,ਹੁੰਦੀਆਂ ਸਵਰਗਾਂ ਦੀ ਅਨਿਆਈ
ਰੁੱਤ ਰੁੱਖ ਲਾਉਣ ਦੀ ਆਈ ਬੇਲੀਓ...
ਦਿਨ ਰਾਤ ਰੁੱਖ ਆਕਸੀਜਨ, ਸਾਰੀ ਖਲਕਤ ਨੂੰ ਵੰਡਦੇ ਰਹਿੰਦੇ
ਪਸ਼ੂ ਪੰਛੀ ਜੋ ਵੀ ਆ ਕੇ ਛਾਵੇ ਬਹਿੰਦੇ, ਉਹ ਸਾਹ ਸੁਖ ਦਾ ਲੈਂਦੇ
ਰੁੱਖ ਨਾ ਕਿਸੇ ਮਾੜਾ ਸੋਚਣ,,ਇਹ ਵਾਤਾਵਰਨ ਦੇ ਪੱਕੇ ਸਿਪਾਹੀ
ਰੁੱਤ ਰੁੱਖ ਲਾਉਣ ਦੀ ਆਈ ਬੇਲੀਓ....
ਆਉ ਆਪਾਂ ਵੀ ਸਾਰੇ ਰਲ ਕੇ ਬੇਲੀਓ ਇੱਕ ਇੱਕ ਰੁੱਖ ਲਗਾਈਏ
ਜਿੰਨਾ ਹੋ ਸਕੇ ਆਪਣੇ ਤੋਂ, ਆਪਾਂ ਵੀ ਧਰਤੀ ਮਾਂ ਦੀ ਕੁੱਖ ਬਚਾਈਏ
ਰੁੱਖ ਤੇ ਕੁੱਖ ਬਚਾਉਣ ਦੀ ਮਿੱਤਰੋ,ਜਸਵਿੰਦਰ ਪਾਉਂਦਾ ਫਿਰੇ ਦੁਹਾਈ
ਰੁੱਤ ਰੁੱਖ ਲਾਉਣ ਦੀ ਆਈ ਬੇਲੀਓ...
ਰੁੱਤ ਰੁੱਖ ਲਾਉਣ ਦੀ ਆਈ ਬੇਲੀਓ,
ਰੁੱਤ ਰੁੱਖ ਲਾਉਣ ਦੀ ਆਈ
ਵਾਤਾਵਰਨ ਬਚਾਈਏ ਸਾਰੇ, ਕੋਈ ਪਿੱਛੇ ਰਹਿ ਜਾਵੇ ਨਾ ਭੈਣ ਭਾਈ



SANJHI SOCH
ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ




GHUMAN
LAW GROUP INC.
Ghuman Law Group
ਤੁਹਾਡੇ ਲਈ ਲੈ ਕੇ ਆਏ ਨੇ
AMERICA ਵਿੱਚ
BUSINESS ਕਰਨ ਦਾ ਸੁਨਿਹਰੀ ਮੌਕਾ !
ਜੇਕਰ ਤੁਸੀਂ Canada, England, Australia,
New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ
ਆਓ E-2 Investor Visa ਰਾਹੀਂ
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ
PASSPORT
GHUMAN LAW GROUP
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ
ਪੂਰੀ ਮਦਦ ਕਰੇਗਾ
ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ
ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ
2 ਸਾਲ ਦਾ Work Permit
Spouse ਨੂੰ ਮਿਲੇਗਾ Open Work Permit
ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ
ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ
MON - FRI, 9:00 AM - 3:00 PM
+1 (223) 300-0001
www.ghumanlawgroup.org
2450 VENTURE OAKS WAY, STE 225 SACRAMENTO, CA


Gillson TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations (traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
Freightliner and Volvo 2020 and present
Reset pay away from Terminals– Stockton,. CA and Dayton, Ohio
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd. Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



Office Ph.(916) 427-4321

6624 FLORIN ROAD, SACRAMENTO CA, 95828

FAX: 916)258-0441, Cell: (916)308-7997

Email: sacramento99@yahoo.com Website: www.capitalservices.us




Capital DRUG TESTING

# CAPITAL DRUG TESTING

## Drug and Alcohol Test

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

Lab. Ph:(916) 680-9293

6624 Florin Road
Sacramento CA, 95828

Email: capitaldrugtest@gmail.com
Website: www.capitaldrugtest.com







RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**

Realtor ®

CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ |
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN
FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280